ਇਕ ਸੁਫ਼ਨਾ ਭਾਗ 6

ਕਿਧਰੇ ਤਾਂ।।

ਸਾਂ ਕਿਧਰੇ ਤਾਂ ਮਿਲੇ ਸੀ ਆਪਾ

ਇਸ ਜਹਾਨੋਂ ਹੋ ਪਰਾ

ਤਾਹੀਂ ਇੰਨਾ ਚਾਹਾਂ ਤੈਨੂੰ

ਵਿਚ ਸਦਕੇ ਤੇਰੇ ਮੁੱਕ ਮਰਾਂ।

ਤੂੰ ਹੋਵੇ ਮੇਰੇ ਦਿਲ ਵੀ ਵਸਦੀ

ਸਾਹਮਣੇ ਆਵੇ ਇਜਹਾਰ ਕਰਾਂ।

ਤੇਰੇ ਨਾਲ ਨਾ ਰੋਸਾ ਮੇਰਾ

ਚਾਹੇ ਜਹਾਂ ਨਾਲ ਰੋਜ਼ ਲੜਾ।

ਖਾਮੋਸ਼ ਜਿੰਦਗੀ ਤੇ ਸਿੰਮੀ ਆਂਚ

ਕਰਦੀ ਮੈਨੂੰ ਹਰ ਰੋਜ ਫ਼ਨਾਂ।

ਸਾਂ ਕਿਧਰੇ ਤਾਂ ਮਿਲੇ ਸੀ ਅਪਾ

ਇਸ ਜਹਾਨੋਂ ਹੋ ਪਰਾ ।

ਸਾਂਝ ਰਿਸ਼ਤੇ ਦੀ ਮਹਿਕਾਂ ਘੋਲੇ

ਤੂੰ ਹੋਵੇ ਬੈਠੀ, ਤੇ ਮੈਂ ਕੋਲ ਖੜਾਂ।

ਤਸਵੀਰਾਂ ਕੁਝ ਤਾਂ ਬੋਲਦੀਆਂ ਹੋਵਣ

ਦੱਸਣ ਮੈਨੂੰ , ਮੈਂ ਹੋਸ਼ ਕਰਾਂ।

ਮੈਂ ਵੇਖਾਂ ਤੈਨੂੰ , ਜਦ ਤੂੰ ਵੇਖੇ ਮੈਨੂੰ।

ਰਹਿਣ ਸ਼ਬਦਾਂ ਦੇ ਮਾਇਨੇ ਹੀ ਨਾ।

Edit with WPS Office

ਵਿਸਰਿਆ ਜੱਗ, ਨਾ ਵਿਸਰਿਆ ਚੇਹਰਾ

ਮੈਂ ਸਦੀਆਂ ਲੰਬਾ ਇੰਤਜ਼ਾਰ ਕਰਾਂ।

ਲਿਖਣ ਨੂੰ ਕਹਿੰਦੇ ਪਏ ਨੇ ਕਾਗਜ

ਹਿਤੇਸ਼, ਘੋਲ ਜਜ਼ਬਾਤ ਤੇ ਸ਼ਾਇਰੀ ਰੰਗ ਬਣਾ।

ਸ਼ਾਯਦ ਇਹੀ ਸੀ ਬਸ ਕਿਸਮਤ ਆਪਣੀ ,

ਰੋਜ "ਇਕ ਸੁਫ਼ਨੇ " ਦੀ ਉਡੀਕ ਕਰਾਂ।

"ਕਿਧਰੇ ਤਾਂ " ਮੁੜ ਦਿਸ ਜਾ ਮੈਨੂੰ

ਇਹੀ ਮੈਂ ਫ਼ਰਿਆਦ ਕਰਾਂ।

ਸਾਂ ਕਿਧਰੇ ਤਾਂ ਮਿਲੇ ਸੀ ਆਪਾ

ਇਸ ਜਹਾਨੋਂ ਹੋ ਪਰਾ ।

ਕਈ ਵਾਰ ਇਸ ਤਰਾਂ ਹੁੰਦਾ ਕੇ , ਅਪਾ ਸੋਚਦੇ ਹਾਂ ਕੇ ਸਾਨੂੰ ਜਿੰਦਗੀ ਵਿੱਚ ਸਭਕੁਝ ਹਾਸਿਲ ਹੋ ਸਕਦਾ ਹੈ। ਹੋ ਵੀ ਸਕਦਾ ਹੈ , ਜੇਕਰ ਮੇਹਨਤ ਕੀਤੀ ਹੋਵੇ ਤੇ ਚੰਗੀ ਨੀਯਤ ਨਾਲ ਹਰ ਇਕ ਕਾਰਜ ਵੀ ਕੀਤਾ ਹੋਵੇ। ਪਰ ਕਈ ਵਾਰ ਕਿਸਮਤ ਨੂੰ ਕੁਝ ਹੋਰ ਹੀ ਮਨਜੂਰ ਹੁੰਦਾ ਹੈ। ਸ਼ਾਯਦ ਇਹਦਾ ਮੁੱਖ ਕਾਰਨ ਵਕਤ ਦੇ ਅਗਲੇ ਹਿੱਸੇ , ਰੱਬ ਨੇ ਕੁਝ ਨਵਾਂ ਅਤੇ ਕੁਝ ਬੇਹਤਰ ਲਿਖਿਆ ਹੋਵੇ। ਤਾਂ ਨਿਰਾਸ਼ ਹੋ ਕੇ ਕਿਉਂ ਬੈਠਣਾ ? ਇਹ ਜ਼ਿੰਦਾਦਿਲ ਜ਼ਿੰਦਗੀ ਦਾ ਹਿੱਸਾ ਨਹੀਂ ਹੈ |

ਅੱਗੇ ਵਧਣਾ ਹੀ ਜ਼ਿੰਦਗ਼ੀ ਦਾ ਅਹਿਮ ਹਿੱਸਾ ਹੈ। ਜਿੰਦਗੀ ਦੀਆਂ ਅਨੇਕਾਂ ਪਰੇਸ਼ਾਨੀਆਂ ਨੂੰ ਲਾਅ ਕੇ ਆਪਣੇ ਸਿਰ ਮੱਥੇ, ਓਹਨਾ ਦੇ ਹੱਲ ਲੱਭਣਾ ਅਤੇ ਹਰ ਵਕਤ ਖੁਦ ਨੂੰ ਅਤੇ ਤੁਹਾਡੇ ਨਾਲ ਜੁੜੇ ਹਰ ਸ਼ਖਸ਼ ਨੂੰ ਖੁਸ਼ੀ ਦੇਣਾ, ਅਖੀਰ ਆਹੀ ਤਾਂ ਜਿੰਦਗੀ ਹੈ।।

ਮੈ ਹਾਂ ਕੌਣ , ਬਸ ਇਸ ਕਹਾਣੀ ਦਾ ਇਕ ਲੇਖਕ ਹੀ ਹਾਂ, ਜੌ ਕੋਸਿਸ਼ ਕਰ ਸਕਦਾ ਹੋਵੇ , ਆਪਣੀ ਲੇਖਣੀ ਨਾਲ ਤੁਹਡਾ ਮੰਨ ਪਰਚਾਉਣ ਦੀ ਅਤੇ ਨਾਲ ਹੀ ਨਵਾਂ ਕੁਝ ਦਰਸਾਉਣ ਦਾ ਯਨਤ ਕਰ ਸਕਦਾ ਹੋਵਾਂ। ਪਰ ਮੇਰੀ ਵੀ ਕੁਝ ਤਹਿਨੁਮਾ ਆਯਾਮ ਨੇ , ਪਰ ਕੋਸਿਸ਼ ਮੇਰੀ ਆਹੀ ਹੈ ਕੇ ਕਿਧਰੇ ਤਾਂ ਤੁਹਾਨੂੰ ਜਿੰਦਗੀ ਵਿਚ ਸਹੀ ਸਿੱਖਿਆ ਮਿਲੇ ਅਤੇ ਨਾਲ ਹੀ ਜੀਵਨ ਵਿਚ ਹਰ ਇਕ ਖੁਸ਼ੀ ਵੀ ਮਿਲੇ।

Edit with WPS Office

ਹੁਣ ਵਧਦੇ ਹਾਂ ਇਸ ਕਹਾਣੀ ਦੇ ਅਗਲੇ ਹਿੱਸੇ ਵੱਲ ਨੂੰ । ਭਾਗ ਚੌਥੇ ਅਤੇ ਪੰਜਵੇਂ ਭਾਗ ਵਿਚ ਤੁਹਾਨੂੰ ਅਲਗ ਅਲਗ ਕਹਾਣੀਆਂ ਦੱਸੀਆਂ ਗਈਆਂ ਸਨ, ਇਕ ਗੈਰੀ ਦੀ ਹੈ ਅਤੇ ਦੂਸਰੀ ਸੁਰਵੀਨ ਦੀ। ਪਰ ਮੇਰੇ ਇਨ੍ਹਾਂ ਕੁਝ ਦੱਸਣ ਜਾ ਲਿਖਣ ਦੀ ਅਸਲ ਵਜਹ ਸਿਰਫ ਇਨੀ ਸੀ ਕੇ ਅੱਗੇ ਜਾ ਕੇ ਇੱਕ ਸਮਾਨੰਤਰ ਭਾਵ ਦੇ ਨਾਲ ਸਭ ਨੂੰ ਇਕ ਕਹਾਣੀ ਵੀ ਇਕ ਸਾਰ ਜੋੜਿਆ ਜਾਵੇ। ਜੇਕਰ ਇਹ ਸਭ ਬਾਅਦ ਵਿਚ ਲਿਖਿਆ ਜਾਂਦਾ ਤਾਂ ਸਭ ਨੂੰ ਅਜਿਹਾ ਲਗਦਾ ਕੇ ਕਦੇ ਮੈਂ ਸੰਨ 2021 ਯਾਨੀ ਕੇ ਅੱਜ ਦੇ ਵਕਤ ਦੀ ਗੱਲ ਲੈਅ ਕੇ ਬੈਠ ਜਾਂਦਾ ਅਤੇ ਕਦੇ ਪਿਛਲੇ ਦੌਰ ਦੀ।

ਜੌ ਕੇ ਪੜ੍ਹਨ ਅਤੇ  ਸਮਝਣ ਵਿਚ ਥੋੜ੍ਹਾ ਅਜੀਬ ਜੇਹਾ ਵੀ ਲਗਦਾ। ਏਸੇ ਵਜਹ ਕਰਕੇ ਮੈਂ ਕਹਾਣੀ ਦਾ ਜਿਆਦਾਤਰ ਪਿਛਲਾ ਹਿਸਾ ਪਹਿਲਾਂ ਹੀ ਦਸ ਦਿੱਤਾ ਸੀ ਤਾਂ ਜੌ ਤੁਸੀ ਇਹਨੂੰ ਆਰਾਮ ਨਾਲ ਸਮਝ ਪਾਵੋ |

ਹੁਣ ਕਹਾਣੀ।।

ਭਾਗ 4 ਦੇ ਅੰਤ ਤੋਂ।।

ਗੈਰੀ, ਤਿੰਨ ਸਾਲ ਮਗਰੋਂ ਓਹਨੇ ਆਪਣੇ ਪਿੰਡ ਵਾਲੇ ਘਰ ਵਿੱਚ ਕਦਮ ਰੱਖਿਆ ਪਰ ,, ਇਹ ਕੀ, ਇਕੱਲਿਆ ਕਦਮ ਰਖਿਆ। ਅੱਜ ਦੇ ਦਿਨ ਨਾ ਓਹਦੀ ਘਰਵਾਲੀ ਸੁਰਵੀਨ ਨਾਲ ਸੀ ਅਤੇ ਨਾ ਹੀ ਓਹਦੀ ਔਲਾਦ । ਕੋਲ ਸਨ ਤਾਂ ਮਾਤਾ ਪਿਤਾ , ਭਾਈ ਭੈਣ ਤੇ ਕੁਝ ਪਿੰਡ ਦੇ ਲੋਕ ਹੀ, ਜਿਨਾ ਹਰ ਵਕਤ ਆਹੀ ਅਰਦਾਸ ਕੀਤੀ ਸੀ ਕੇ ਗੈਰੀ ਨੂੰ ਹੋਸ਼ ਆਵੇ ਤੇ ਓਹ ਘਰ ਪਰਤ ਕੇ ਨਵੀਂ ਜਿੰਦਗੀ ਸ਼ੁਰੂ ਕਰ ਪਾਵੇ। ਤੇ ਪਿਛਲੀ ਜਿੰਦਗੀ , ਓਹ ਕਿੱਥੇ ਗਈ ? ਓਹ ਤਾਂ ਹੁਣ ਖਤਮ ਹੀ ਹੋ ਚੁੱਕੀ ਸੀ।

ਘਰ ਕਦਮ ਰੱਖਦਿਆ ਸਾਰ ਹੀ , ਸਾਹਮਣੇ ਆਪਣੀ ਸਵਰਗਵਾਸੀ ਘਰਵਾਲੀ ਸੁਰਵੀਨ ਅਤੇ ਪੁੱਤਰ ਸੇਮ ਦੀ ਦੀਵਾਰ ਦੇ ਲੱਗੀ ਤਸਵੀਰ , ਓਹਦੀ ਰੂਹ ਤੱਕ ਨੂੰ ਹਲੂਨ ਕੇ ਰੱਖ ਰਹੀ ਸੀ। ਕਿਧਰੇ ਤਾਂ ਓਹਨੇ ਕਿੰਨੇ ਸੁਪਨੇ ਬੁਣੇ ਹੋਏ ਸਨ , ਆਪਣੇ ਪਰਿਵਾਰ ਦੇ ਭਵਿੱਖ ਦੇ । ਪਰ ਇਥੇ ਆ ਕੇ ਓਹ ਖੜਾ ਸੀ, ਬੇਬਸ ਅਤੇ ਇੱਕਲਾ।

ਠੀਕ ਏਸੇ ਤਰ੍ਹਾਂ ਭਾਗ 5 ਦੇ ਅੰਤ ਤੋਂ।।

ਇਕ ਧੀ ਯਾਨੀ ਸੁਰਵੀਨ , ਓਹ ਹੁਣ ਆਪਣੇ ਆਪ ਨੂੰ ਕਿੱਥੇ ਲੈਅ ਕੇ ਜਾਵੇ। ਕਲ ਤਕ ਓਹ ਆਪਣੇ ਪਿਤਾ ਨੂੰ ਭਾਲਦੀ ਰਹਿੰਦੀ ਸੀ , ਅੱਜ ਅਚਨਚੇਤ ਓਹਦੇ ਪਿਤਾ ਦੇ ਸਾਰਿਆ ਸਾਹਮਣੇ ਸੱਚ ਉਜਾਗਰ ਕਰ ਦੇਣ ਅਤੇ ਫੇਰ ਦੇਹਾਂਤ, ਇਹ ਦੁੱਖ ਓਹਦੇ ਲਈ ਬਹੁਤ ਵੱਡਾ ਸੀ। ਫੇਰ ਇਹ ਮਗਰੋਂ, ਓਹ ਸ਼ਰਮ ਭਰੀਆਂ ਅੱਖਾਂ ਨਾਲ ਆਪਣੇ ਘਰ ਨੂੰ ਆਪਣੇ ਬੇਬੇ ਅਤੇ ਭੈਣਾਂ ਨੂੰ ਛੱਡ ਕੇ ਤੁਰ ਜਾਣਾ , ਇਹ ਤੋਂ ਵੱਧ ਦੁੱਖ ਕੇਹੜਾ ਹੋ ਸਕਦਾ ਸੀ। ਕਿਧਰੇ ਤਾਂ , ਓਹਨੇ ਆਪਣੇ ਪਿਤਾ ਨਾਲ ਖੁਸ਼ੀ ਖੁਸ਼ੀ ਜਾਣਾ ਸੀ ਜਾ ਫੇਰ ਡੋਲੀ ਵਿਚ ਬਹਿ ਕੇ ਆਪਣੇ ਘਰ ਤੋਂ ਵਿਦਯਗੀ ਲੈਣੀ ਸੀ , ਪਰ ਹੁਣ ਅੱਗੇ। ਕੁਝ ਵੀ ਨਹੀਂ ਸੀ ਬਚਿਆ ਓਹਦੇ ਕੋਲ। ਪਰ ਫੇਰ ਵੀ ਓਹ ਤੁਰੀ ਤੇ ਅੱਗੇ ਵਧੀ।

ਤੇ ਓਹ ਵੀ ਇਕੱਲਿਆ।।

ਤੇ ਰਹੀ ਸੇਜਲ, ਓਹ ਆਪਣੀ ਵੱਡੀ ਭੈਣ ਦੇ ਇਸ ਤਰ੍ਹਾਂ ਘਰ ਛੱਡ ਕੇ ਜਾਣ ਉਪਰੰਤ, ਓਹਦਾ ਜੀਵਨ ਕਿਵੇਂ

Edit with WPS Office

ਸੁਖਾਲਾ ਹੋ ਸਕਦਾ ਸੀ। ਬੇਸ਼ੱਕ ਓਹਦੀ ਵੱਡੀ ਭੈਣ ਆਪਣੀ ਆਮਦਨ ਵਿੱਚੋ ਘਰ ਵਿਚ ਕੁਝ ਨਾ ਕੁਝ ਭੇਜਦੀ ਰਹਿੰਦੀ, ਨਾਲ ਹੀ ਸਾਰਿਆਂ ਲਈ ਗੀਫਟਸ ਤੇ ਬਹੁਤ ਕੁਝ, ਪਰ ਓਹਦੀ ਕਮੀ ਇਸ ਘਰ ਵਿਚ ਸੇਜਲ ਨੂੰ ਪਰੇਸ਼ਾਨ ਕਰਦੀ ਹੀ ਰਹੀ।

ਤੇ ਅੱਗੇ ਜਾ ਕੇ ਸਹਿਜ, ਓਹ ਇਕ ਵੱਡਾ ਕਾਰਨ ਬਣਿਆ ਜਿੰਨੇ ਸੇਜਲ ਦਾ ਭਵਿੱਖ ਬਦਲ ਕੇ ਰੱਖ ਦਿੱਤਾ , ਜਿਸਦਾ ਵਿਸਤਾਰ ਹੋਵੇਗਾ ਅੱਗੇ ਆਉਣ ਵਾਲੇ ਕਿਸੇ ਭਾਗ ਵਿਚ। ਬਸ ਮੈਂ ਇੰਨਾ ਕਹਾਂਗਾ ਕੇ , ਇਨਸਾਨ ਦਾ ਵਿਵਹਾਰ ਓਹਦੇ ਆਸ ਪਾਸ ਦੇ ਮਾਹੌਲ ਨਾਲ ਹੀ ਬਣਦਾ ਹੈ। ਕਿਵੇਂ ਹਰ ਵਕਤ ਰੱਬ ਵਿਚ ਸ਼ਰਧਾ ਰੱਖਣ ਵਾਲੀ ਕੁੜੀ , ਆਪਣੇ ਸਹਿਚਾਰ ਤੇ ਵਤੀਰੇ ਨੂੰ ਤਿਆਗ ਕੇ ਅੱਗੇ ਵਧੀ, ਇਹ ਓਹਦੀ ਕਹਾਣੀ ਹੈ।

ਤੇ ਹੁਣ।।

ਰਾਤ ਦੇ ਵਕਤ।।

ਦਰਵਾਜੇ ਤੇ ਦਸਤਕ ਦੇਂਦਿਆ ਮਨਵੀਰ।।।

ਠਕ ਠੱਕ।। ਗੈਰੀ ਨੇ ਦਰਵਾਜਾ ਖੋਲਿਆ ਤੇ ਵੇਖਿਆ ਕੇ ਬਾਹਰ ਮਨਵੀਰ ਖੜਾ ਸੀ।।

ਗੈਰੀ - ਮਨਵੀਰ ਕੀ ਹੋਇਆ ? ਅੱਧੀ ਰਾਤ , ਸਭ ਠੀਕ ਤਾਂ ਹੈ ?

ਮਨਵੀਰ - ਹਾਂਜੀ ਵੀਰੇ , ਸਭ ਠੀਕ ਹੈ। ਤੁਹਾਨੂੰ ਕੋਈ ਮਿਲਣ ਆਇਆ।।

ਗੈਰੀ - ਕੌਣ ?

ਮਨਵੀਰ - ਵੀਰੇ , ਅਫ਼ਸਰ ਵੀਰ ਆਇਆ ਦਿੱਲੀ ਤੋਂ।

ਮਨਵੀਰ - ਅਫ਼ਸਰ। ਇਨੀ ਰਾਤੀਂ। ਤੂੰ ਚਲ ਮੈਂ ਹੁਣੇ ਕਪੜੇ ਬਦਲ ਕੇ ਆਇਆ।

ਮਨਵੀਰ ਦੇ ਜਾਣ ਮਗਰੋਂ, ਗੈਰੀ ਕਮਰੇ ਨੂੰ ਦੋਬਾਰਾ ਕੁੰਡੀ ਲਾ ਲੈਂਦਾ। ਤੇ ਸੋਚਣ ਬੈਠਦਾ।

ਗੈਰੀ ਆਪਣੇ ਮਨ ਦੇ ਵਿਚ - ਅਫ਼ਸਰ ਵੀਰ ਜੀ ਆਏ ਨੇ ਬਾਹਰ। ਕੀ ਕਹਿਣਗੇ ? ਮੈਂ ਇੰਨੇ ਦਿਨਾਂ ਮਗਰੋਂ ਓਹਨਾ ਨੂੰ ਮਿਲਾਂਗਾ। ਮੇਰੀ ਖ਼ਬਰ ਨੂੰ ਕਿਵੇਂ ਭੱਜੇ ਭੱਜੇ ਆਏ ਨੇ ਦਿੱਲੀ ਤੋਂ। ਮੈਂ ਕਿਵੇਂ ਓਹਨਾ ਦੇ ਸਾਹਮਣੇ ਜਾਵਾਂ। ਮੇਰੇ ਕੋਲ ਤਾਂ ਹੁਣ ਹਿੰਮਤ ਹੀ ਹੈ ਨਹੀਂ। ਪਰ । ਪਰ। ਓਹ ਖਾਸ ਮੈਨੂੰ ਦੇਖਣ ਆਏ ਨੇ। ਮੈਂ ਵੀ ਓਹਨਾ ਨੂੰ ਦੇਖਾਂਗਾ। ਮੇਰੇ ਲਈ ਤਾਂ ਸ਼ਾਯਦ ਇਹ ਕੱਲ ਦੀ ਗੱਲ ਹੈ, ਮੈਂ ਆਖਰੀ ਵਾਰ ਓਹਨਾ ਨੂੰ ਗੱਡੀ ਦੇ ਟੁੱਟੇ ਹੋਏ ਸ਼ੀਸ਼ੇ ਦੇ ਬਾਹਰ ਵੇਖਿਆ ਸੀ। ਓਹਦੇ ਬਾਅਦ , ਅੱਜ , ਮੈਂ ਕੀ ਜਵਾਬ ਦੇਵਾਂਗਾ ਓਹਨਾਂ ਨੂੰ ?

Edit with WPS Office

ਏਸੇ ਉਦੇਹਬੁਨ ਵਿਚ ਓਹ ਜਲਦੀ ਜਲਦੀ ਕਮੀਜ ਪਾਅ ਤਿਆਰ ਹੋਇਆ ਅਤੇ ਚੱਪਲ ਪਾ ਕੇ ਨੀਚੇ ਬੈਠਕ ਵੱਲ ਨੂੰ ਵਧਿਆ ਜਿੱਥੇ ਅਫ਼ਸਰ ਵੀਰ ਓਹਦੀ ਉਡੀਕ ਕਰ ਰਹੇ ਸਨ।

ਗੈਰੀ - ਵੀਰ ਜੀ ਸਤਿ ਸ੍ਰੀ ਆਕਾਲ ਜੀ।

ਇਹ ਸ਼ਬਦ ਸੁਣਦੇ ਸਾਰ ਹੀ , ਅਫ਼ਸਰ ਸੋਫੇ ਤੋ ਉਠ ਖੜਾ ਹੋਇਆ ਤੇ ਭੱਜ ਕੇ ਗੈਰੀ ਦੇ ਗੱਲ ਲੱਗ ਰੋਣ ਲਗ ਪਿਆ।

ਅਫ਼ਸਰ - ਵੀਰ ਮਾਫ਼ ਕਰਦੇ ਮੈਨੂੰ , ਮੈਂ ਭਾਬੀ ਤੇ ਸੈਮ ਨੂੰ ਬਚਾ ਨਹੀਂ ਸਕਿਆ।

ਹੁਣ ਗੈਰੀ ਅੱਗੋਂ ਹੋਰ ਕਿਆ ਹੀ ਕੇਹੰਦਾ। ਓਹ ਵੀ ਅਫ਼ਸਰ ਵੀਰ ਦੇ ਗਲ ਲੱਗ ਕੇ ਰੋਣ ਲਗਾ। ਬਹੁਤ ਭਾਵੁਕ ਦ੍ਰਿਸ਼ ਸੀ ਇਹ ਘਰ ਦੀ ਬੈਠਕ ਵਿਚ। ਇਹਨੂੰ ਵੇਖ ਪਰਿਵਾਰ ਦੇ ਹਰ ਇਕ ਜੀਅ, ਨਵਜੋਤ , ਮਨਵੀਰ ਤੇ ਗੈਰੀ ਦੇ ਮਾਪੇ ਓਹ ਵੀ ਬਹੁਤ ਭਾਵੁਕ ਹੋਏ।

ਕੁਝ ਚਿਰ ਮਗਰੋਂ। ਜਦ ਸਭ ਸ਼ਾਂਤ ਹੋਏ।

ਅਫ਼ਸਰ - ਵੀਰ , ਸਾਡੇ ਲਈ ਤੂੰ ਠੀਕ ਹੈ, ਇੰਨਾ ਹੀ ਬਹੁਤ ਹੈ।।

ਗੈਰੀ - ਹਾਂਜੀ ਵੀਰੇ, ਮੈਂ ਹੁਣ ਠੀਕ ਹਾਂ।

ਅਫ਼ਸਰ - ਚਲ ਹੁਣ ਤੂੰ ਜਲਦੀ ਠੀਕ ਹੋ ਤੇ ਮੈਂ ਤੈਨੂੰ ਦਿੱਲੀ ਲੈਅ ਕੇ ਜਾਵਾਂਗਾ, ਆਪਣੇ ਘਰ।

ਇਹ ਸੁਣ ਕੇ ਗੈਰੀ ਦੀ ਬੇਬੇ ਗੁੱਸਾ ਹੋਣ ਲੱਗ ਪੈਂਦੀ।

ਰਮਣੀਕ ਉਚੀ ਜਿਹੀ ਆਵਾਜ਼ ਵਿਚ - ਮੇਰਾ ਪੁੱਤ ਹੁਣ ਕਿਧਰੇ ਨਹੀਂ ਜਾਵੇਗਾ। ਮੇਰੇ ਕੋਲ ਹੀ ਰਹੇਗਾ। ਸੁਣ ਲਿਆ ਸਭ ਨੇ। ਇਹ ਪਿੰਡ , ਇਹ ਘਰ , ਇਥੇ ਹੀ ਰਹਿਣਾ ਇਹਨੇ।

ਰਮਣੀਕ ਦੇ ਗੁੱਸੇ ਨੂੰ ਭਾਂਪ ਕੇ ਅੱਗੋਂ ਅਫ਼ਸਰ ਚੁੱਪ ਹੋ ਜਾਂਦਾ ਤੇ ਕੁਝ ਨਹੀਂ ਬੋਲਦਾ। ਗੈਰੀ ਵੀ ਸਮਝ ਜਾਂਦਾ ਕੇ ਹਾਲੇ ਦਿੱਲੀ ਜਾਣ ਦੀ ਗੱਲ ਕਰਨਾ ਮੁਨਾਸਿਬ ਨਹੀਂ , ਹੋਵੇ ਵੀ ਕਿਵੇਂ , ਇੰਨੇ ਚਿਰ ਮਗਰੋਂ ਰਮਣੀਕ ਨੂੰ ਓਹਦਾ ਪੁੱਤ ਜਿੰਦਾ ਵਾਪਿਸ ਮਿਲਿਆ ਸੀ। ਕਿਵੇਂ ਹੋ ਸਕਦਾ ਕੇ ਆਪਣੇ ਪੁੱਤ ਨੂੰ ਦੋਬਾਰਾ ਤੋਂ ਆਪਣੇ ਤੋਂ ਅਲਗ ਹੋਣ ਦੇਵੇ।

ਗੈਰੀ ਅਫ਼ਸਰ ਵੀਰ ਨੂੰ - ਵੀਰੇ ,ਤੂੰ ਫ਼ਿਕਰ ਨਾ ਕਰ, ਮੈਂ ਆਵਾਂਗਾ ਦਿੱਲੀ ਤੇਰੇ ਕੋਲ।

ਇਹ ਸੁਣ ਕੇ ਜਿੱਥੇ ਅਫ਼ਸਰ ਦੇ ਚੇਹਰੇ ਤੇ ਥੋੜੀ ਰੌਣਕ ਆਉਂਦੀ, ਓਥੇ ਰਮਣੀਕ ਦਾ ਗੁੱਸਾ ਹੋਰ ਚੜ ਜਾਂਦਾ।

ਗੈਰੀ - ਪਰ , ਹਾਲੇ ਨੀ। ਹਾਲੇ ਮੈਂ ਕੁਝ ਦਿਨ ਇਥੇ ਰਹਿਣਾ ਚਾਹੁੰਦਾ। ਏਸੇ ਵਜਹ ਕਰਕੇ ਮੈਂ ਤੁਹਾਨੂੰ ਫੋਨ ਤੇ ਕਿਹਾ ਸੀ ਕੇ ਮੈਂ ਆਪ ਹੀ ਆਵਾਂਗਾ ਤੁਹਾਡੇ ਕੋਲ ਕੁਝ ਦਿਨ ਤੱਕ।

ਅਫ਼ਸਰ - ਕੀ ਗੱਲ ਕਰਦਾ ਵੀਰੇ ? ਮੇਰਾ ਛੋਟਾ ਭਾਈ, ਮੇਰਾ ਯਾਰ ਇਸ ਹਾਲਤ ਵਿੱਚ ਹੋਵੇ ਅਤੇ ਮੈਂ ਓਥੇ ਬੈਠ ਫੋਨ

Edit with WPS Office

ਤੇ ਹਾਲ ਚਾਲ ਪੁੱਛਦਾ ਰਹਾ, ਇਹ ਕਿਵੇਂ ਹੋ ਸਕਦਾ ਸੀ ? ਜਦੋਂ ਤੇਰਾ ਫੋਨ ਆਇਆ , ਤਾਂ ਮੈਂ ਓਸੇ ਵਕਤ ਮਨਵੀਰ ਨੂੰ ਫੋਨ ਕਰਿਆ ਤੇ ਸਾਰਾ ਹਾਲ ਚਾਲ ਜਾਣਿਆ। ਫੇਰ ਅੱਜ ਜਦ ਤੂੰ ਘਰ ਆਉਣਾ ਸੀ , ਤਾਂ ਮੈਂ ਸ਼ਾਮ ਦੀ ਪਹਿਲੀ ਟਿਕਟ ਕਰਵਾ ਕੇ ਇਥੇ ਆਇਆ। ਸਿਰਫ ਤੈਨੂੰ ਆਪਣੀਆਂ ਅੱਖਾਂ ਸਾਹਮਣੇ ਦੋਬਾਰਾ ਖੜ੍ਹਾ ਵੇਖਣਾ ਚਾਹੁੰਦਾ ਸੀ ਮੈਂ। ਬਾਕੀ ਕੋਈ ਨਾ, ਤੂੰ ਹਾਲੇ ਆਰਾਮ ਕਰ , ਮੈਂ ਥੋੜੇ ਦਿਨ ਨੂੰ ਆਪ ਇਥੇ ਆ ਕੇ ਤੈਨੂੰ ਕਾਰ ਵਿਚ ਬੈਠਾ ਕੇ ਲੈਅ ਜਾਵਾਂਗਾ।

ਗੈਰੀ - ਓਹ ਨਹੀਂ ਵੀਰੇ, ਸ਼ੁਕਰੀਆ। ਮੈਂ ਆਪ ਹੀ ਆਵਾਂਗਾ ਓਥੇ।

ਅਫ਼ਸਰ - ਚਲ ਠੀਕ ਹੈ ਵੀਰੇ। ਹੁਣ ਦੇ ਇਜਾਜਤ ਮੈਂ ਚਲਦਾ।

ਗੈਰੀ - ਕਿੱਥੇ? ਕਿੱਥੇ ਚਲਿਆ ਵੀਰੇ ?

ਅਫ਼ਸਰ - ਆਪਣੇ ਘਰ ਨੂੰ। ਦਿੱਲੀ।

ਇੰਨੇ ਨੂੰ ਮਨਵੀਰ ਵੀ ਵਿਚ ਹੀ ਬੋਲ ਪੈਂਦਾ।

ਮਨਵੀਰ - ਦਿੱਲੀ , ਇਹ ਕੇਹੜਾ ਵਕਤ ਹੋਇਆ ਜਾਣ ਦਾ। ਦਿੱਲੀ ਤਾਂ ਐਵੇਂ ਬੋਲਦੇ ਪਏ ਹੋ ਜਿਵੇਂ , ਪਿਛਲੇ ਮੁਹੱਲੇ ਤੱਕ ਜਾਣਾ ਹੋਵੇ। ਇਨੀ ਦੂਰੋਂ ਤੋਂ ਆਏ ਹੋ ਥੱਕ ਗਏ ਹੋਵੋਗੇ। ਸਾਡੇ ਨਾਲ ਖਾਣਾ ਖਾਓ ਤੇ ਆਰਾਮ ਕਰੋ। ਕੁਝ ਦਿਨ ਸਾਡੇ ਕੋਲ ਰਹਿ ਕੇ ਜਾਵੋ।

ਗੈਰੀ - ਹਾਂ ਇਹ ਠੀਕ ਹੈ , ਵੀਰੇ ਤੁਸੀ ਕੁਝ ਦਿਨ ਰਹੋ ਸਾਡੇ ਕੋਲ।

ਅਫ਼ਸਰ - ਓਹ ਨਹੀਂ ਨਹੀਂ, ਮੇਰੇ ਕੋਲ ਵਾਪਸੀ ਦੀ ਟਿਕਟ ਵੀ ਹੈ। ਮੈਂ ਚਲਦਾ। ਹੁਣੇ ਨਿਕਲਣਾ ਪੈਣਾ ਮੈਨੂੰ। ਮੈਂ ਤੈਨੂੰ ਦੇਖ ਲਿਆ ਬਸ ਇਹੀ ਬਹੁਤ ਹੈ ਮੇਰੇ ਲਈ।।

ਗੈਰੀ - ਓਹ ਵਾਪਸੀ ਦੀ ਟਿਕਟ ਕਿੱਥੇ ਹੈ ? ਦਿਖਾਇਓ ਮੈਨੂੰ।।

ਅਫ਼ਸਰ - ਸ਼ਾਯਦ ਮੇਰੇ ਬੈਗ ਵਿਚ ਹੀ ਹੋਣੀ।

ਨਵਜੋਤ - ਵੀਰੇ ਬੈਗ ਕਿੱਥੇ ਹੈ ਵੀਰੇ ? ਤੁਸੀ ਕੁਝ ਨਾਲ ਲੈਅ ਕੇ ਤਾਂ ਆਏ ਨਹੀਂ ਸੀ।

ਅਫ਼ਸਰ - ਓਹ ਹਾਂ ਸ਼ਾਯਦ , ਲਗਦਾ ਘਰ ਹੀ ਰਹਿ ਗਿਆ, ਓਹਦੇ ਵਿਚ ਹੀ ਰਹਿ ਗਈ ਹੋਣੀ , ਕੋਈ ਨਾ ਮੈਂ ਨਵੀਂ ਖਰੀਦ ਲੈਣੀ ਹੈ।

ਗੈਰੀ - ਵੀਰੇ , ਇਹ ਝੂਠ ਬੋਲਣ ਦੀ ਆਦਤ ਜਾਂਦੀ ਨੀ ਤੁਹਾਡੀ। ਤੁਸੀ ਮੇਰੀ ਖ਼ਬਰ ਲੈਅ ਲਈ ਘਰ ਤੋਂ ਭੱਜੇ ਆਏ ਹੋਣੇ। ਮੈਂ ਸਭ ਜਾਣਦਾ ਤੁਹਾਨੂੰ। ਤੁਸੀ ਰੋਟੀ ਖਾਓ ਮੇਰੇ ਨਾਲ ਬੈਠ ਕੇ ਅਤੇ ਕੋਈ ਨਾ , ਮੇਰੇ ਘਰ ਵਿਚ ਹੀ ਰਹੋ, ਜਦੋਂ ਤਕ ਤੁਹਾਡਾ ਮਨ ਚਾਹੁੰਦਾ ਹੈ।

ਅਫ਼ਸਰ - ਓਹ ਨਹੀਂ ਭਰਾ , ਧੰਨਵਾਦ ਤੇਰਾ । ਪਰ ਦੁਕਾਨ ਤੇ ਕੰਮ ਬਹੁਤ ਹੈ , ਮੈਨੂੰ ਹੁਣ ਚਲਣਾ ਚਾਹੀਦਾ।

Edit with WPS Office

ਗੈਰੀ - ਕੋਈ ਨਾ ਅੱਜ ਦੀ ਰਾਤ ਤਾਂ ਰਹੋ ਸਾਡੇ ਕੋਲ। ਕਲ ਮਨਵੀਰ ਦਿਨ ਦੀ ਟਿਕਟ ਕਰਵਾ ਕੇ ਖੁਦ ਤੁਹਾਨੂੰ ਛੱਡ ਕੇ ਆਵੇਗਾ।

ਅਫ਼ਸਰ - ਓਹ ਨਹੀਂ ਨਹੀਂ।

ਨਵਜੋਤ - ਮੰਨ ਵੀ ਜਾਓ ਵੀਰੇ। ਕਿਆ ਮੈਂ ਤੁਹਾਡੀ ਛੋਟੀ ਭੈਣ ਨੀ। ਪਲੀਜ਼ ਮੰਨ ਜਾਓ।

ਅਫ਼ਸਰ ਇਨ੍ਹਾਂ ਪਿਆਰ ਤੇ ਸਨੇਹ ਵੇਖ ਪਿਘਲ ਜਾਂਦਾ।

ਅਫ਼ਸਰ - ਠੀਕ ਹੈ, ਪਰ ਅੱਜ ਦੀ ਰਾਤ ਹੀ।

ਇਹ ਸੁਣ ਕੇ ਸਭਦੇ ਚੇਹਰੇ ਓਥੇ ਮੁਸਕੁਰਾਹਟ ਆ ਜਾਂਦੀ। ਗੈਰੀ ਨੂੰ ਵੀ ਵਧੀਆ ਲਗਦਾ ਕੇ ਇਨੀ ਸਮੇਂ ਮਗਰੋਂ ਓਹ ਆਪਣੇ ਵੀਰ ਨਾਲ ਵਕਤ ਬਿਤਾ ਰਿਹਾ ਸੀ।

ਖਾਣਾ ਖਾਣ ਉਪਰੰਤ, ਗੈਰੀ ਤੇ ਅਫ਼ਸਰ ਇਕੋ ਕਮਰੇ ਵਿਚ ਸੁਤੇ ਸਨ। ਪਰ ਗੈਰੀ ਨੂੰ ਹਾਲੇ ਵੀ ਓਹੀ ਸਭ ਦੋਬਾਰਾ ਦੋਬਾਰਾ ਯਾਦ ਆ ਰਿਹਾ ਸੀ। ਬੈਚੇਨ ਮਨ ਸੋਵੇ ਤਾਂ ਕਿੱਦਾਂ ਦੋਵੇਂ। ਅਫ਼ਸਰ ਨੇ ਓਹਦੇ ਹੱਥ ਤੇ ਹੱਥ ਰੱਖ ਓਹਨੂੰ ਕਿਹਾ।

ਅਫ਼ਸਰ - ਦੇਖ ਛੋਟੇ ਵੀਰ , ਜੋ ਹੁਣ ਤੱਕ ਬੀਤ ਗਿਆ , ਓਹ ਹੁਣ ਭੁੱਲ ਜਾ , ਆਪਣੇ ਪਰਿਵਾਰ ਵੱਲ ਵੇਖ ਅਤੇ ਇਕ ਨਵੀਂ ਸ਼ੁਰੂਆਤ ਕਰ। ਜੋ ਅੱਜ ਨਹੀਂ ਹੈ , ਓਹਦੀ ਫ਼ਿਕਰ ਬਾਅਦ ਵਿੱਚ ਤੇ ਅੱਗੇ ਭਵਿੱਖ ਦੀ ਫ਼ਿਕਰ ਕਰ।

ਗੈਰੀ - ਓਹੀ ਕਰਨ ਦੀ ਕੋਸ਼ਿਸ਼ ਕਰ ਰਿਹਾ, ਵੀਰ ਜੀ। ਇੰਨੇ ਸਾਲ ਮਗਰੋਂ ਜਦ ਮੈਨੂੰ ਹੋਸ਼ ਆਇਆ ਤਾਂ ਮੈਂ ਮਨਵੀਰ ਵਲ ਵੇਖਿਆ , ਨਵਜੋਤ ਵੱਲ ਵੀ ਵੇਖਿਆ। ਓਹਦਾ ਦੋਹਾਂ ਦਾ ਵਿਆਹ ਵੀ ਕਰਨਾ ਹੈ । ਹੋਰ ਵੀ ਬਹੁਤ ਸਾਰੇ ਕੰਮ ਬਾਕੀ ਨੇ।

ਅਫ਼ਸਰ - ਵਧੀਆ, ਤੂੰ ਹੁਣ ਓਹਨਾ ਬਾਰੇ ਸੋਚ ਤੇ ਆਪਣੇ ਬਾਰੇ ਵੀ।

ਗੈਰੀ - ਆਪਣੇ ਬਾਰੇ ਕਿਆ ਸੋਚਣਾ , ਹੈ ਕਿਆ ਮੇਰੇ ਕੋਲ ਹੁਣ ? ਨਾ ਸੁਰਵੀਨ ਨਾ ਸੈਮ।

ਅਫ਼ਸਰ - ਤੇਰੇ ਕੋਲ ਤੂੰ ਖੁਦ ਹੈ। ਓਹ ਸਾਰੇ ਲੋਕ ਨੇ ਜੋ ਤੈਨੂੰ ਇੰਨਾ ਪਿਆਰ ਕਰਦੇ ਨੇ। ਜੇਕਰ ਓਹਨਾ ਨੂੰ ਖੁਸ਼ ਰੱਖਣਾ ਹੈ ਤਾਂ ਤੈਨੂੰ ਖੁਦ ਵੀ ਖੁਸ਼ ਹੋਣਾ ਪੈਣਾ ਹੈ। ਅੱਗੇ ਵਧਣਾ ਪੈਣਾ ਹੈ।

ਗੈਰੀ - ਠੀਕ ਹੈ ਵੀਰ ਜੀ , ਮੈਂ ਕੋਸਿਸ਼ ਕਰਾਂਗਾ।

ਅਫ਼ਸਰ - ਇਹ ਹੋਈ ਨਾ ਗੱਲ ਵੀਰੇ।

ਗੈਰੀ - ਹੋਰ ਓਥੇ ਸਭ ਕਿਵੇਂ ਨੇ ? ਨਾਲੇ ਤੁਹਾਡਾ ਵਿਆਹ ਹੋਇਆ ਵੀ ਕੇ ਨਹੀਂ।

ਅਫ਼ਸਰ - ਹਾਲੇ ਕਿੱਥੇ ? ਅਪਾ ਛੜੇ ਮਲੰਗ ਹੀ ਵਧੀਆ ਹਾਂ। ਜਦ ਕੋਈ ਮਿਲ ਜਾਵੇਗੀ ਤਾਂ ਆਪਾ ਕਰਵਾ ਲੈਣਾ। ਉਮੀਦ ਨੀ ਛੱਡੀ ਆਪਾ ਹਾਲੇ ਤੱਕ।

Edit with WPS Office

ਗੈਰੀ - ਪਤਾ ਮੈਨੂੰ , ਕਿਹੜੀ ਉਮੀਦ ਲਾਈ ਬੈਠੇ ਹੋ ਤੁਸੀ।

ਅਫ਼ਸਰ - ਤੈਨੂੰ ਤਾਂ ਸਭ ਪਤਾ ਫੇਰ। ਤੂੰ ਤਾਂ ਆਪ ਜਾਣੀ ਜਾਣ ਆ। ਤੂੰ ਫ਼ਿਕਰ ਨਾ ਕਰ , ਇਸ ਸਾਲ ਕਰ ਲੈਣਾ ਵਿਆਹ , ਪਕਾ ਰਿਹਾ।।

ਗੈਰੀ - ਠੀਕ ਹੈ। ਹੋਰ ਬਾਕੀ ਓਥੇ ? ਮੇਰਾ ਦਫ਼ਤਰ , ਕੰਪਨੀ, ਕੰਪਨੀ ਦੇ ਲੋਕ ਓਹ ਕਿਵੇਂ ਨੇ ? ਸੁਰੇਸ਼ ਨਾਲ ਮੇਰੀ ਗੱਲ ਨੀ ਹੋਈ ਹਾਲੇ ਤੱਕ।

ਅਫ਼ਸਰ - ਵੀਰੇ , ਇਕ ਗੱਲ ਕਹਾ। ਬੁਰਾ ਨਾ ਮੰਨੀ।

ਗੈਰੀ - ਕੀ ਗੱਲ ਹੈ ?

ਅਫ਼ਸਰ - ਓਹ ਕੰਪਨੀ ਹੁਣ ਤੇਰੀ ਹੋ ਕੇ ਵੀ ਤੇਰੀ ਨਹੀਂ ਹੈ।

ਗੈਰੀ - ਮਤਲਬ, ਮੈਂ ਕੁਝ ਸਮਝਿਆ ਨਹੀਂ।

ਅਫ਼ਸਰ - ਬਿੱਲੀਆ ਹੱਥ ਦੁੱਧ ਦੀ ਰਾਖੀ ਕਦੇ ਹੋਈ ਹੈ ?

ਗੈਰੀ - ਤੁਸੀ ਸਾਫ਼ ਸਾਫ ਦੱਸੋ , ਹੋਇਆ ਕੀ ਹੈ ?

ਅਫ਼ਸਰ - ਤੂੰ ਤੇ ਤੇਰੀ ਘਰਵਾਲੀ ਨੇ ਮਿਲ ਕੇ ਦਿਨ ਰਾਤ ਮਿਹਨਤ ਕਰਕੇ ਆਪਣੀ ਛੋਟੀ ਜਿਹੀ ਕੰਪਨੀ ਖੜੀ ਕਰੀ ਸੀ , ਇਹ ਮੈਂ ਜਾਣਦਾ। ਪਰ ਓਹ ਸੁਰੇਸ਼ , ਤੁਹਡਾ ਮੈਨੇਜਰ, ਓਹ ਹੁਣ ਓਸ ਫੈਕਟਰੀ ਨੂੰ ਆਪਣੇ ਨਾਮ ਤੇ ਚਲਾਉਂਦਾ ਪਿਆ ਹੈ। ਬਾਹਰ ਨਾਮ ਵੀ ਬਦਲ ਦਿੱਤਾ ਓਹਨੇ ਤਾਂ।

ਗੈਰੀ - ਪਰ ਜਮੀਨ ਤੇ ਮਾਲਿਕਾਨਾ ਹੱਕ ਤਾਂ ਮੇਰਾ ਤੇ ਸੁਰਵੀਨ ਦਾ ਸੀ।

ਅਫ਼ਸਰ - ਓਹ ਤਾਂ ਹੁਣ ਵੀ ਹੋਣਾ , ਪਰ ਬੈਠਾ ਕੁਰਸੀ ਤੇ ਓਹੀ ਹੈ। ਤੂੰ ਸ਼ਾਯਦ ਓਹਦੇ ਨਾਲ ਤੇ ਕੰਪਨੀ ਦੀ ਕੁਝ ਹਿੱਸੇਦਾਰੀ ਦਿੱਤੀ ਹੋਣੀ।

ਗੈਰੀ - ਹਾਂ, ਓਹਦਾ ਕੰਮ ਵੇਖ ਕੇ , ਮੈਂ ਤੇ ਸੁਰਵੀਨ ਅਸੀਂ ਦੋਹਾਂ ਨੇ ਆਪਸੀ ਰਜਾਮੰਦੀ ਨਾਲ ਹੀ ਓਹਨੂੰ 10 ਪ੍ਰਤੀਸ਼ਤ ਹਿੱਸੇਦਾਰੀ ਸੌਂਪੀ ਸੀ ਅਸੀਂ।

ਅਫ਼ਸਰ - ਬਸ ਤਾਹੀਂ। ਤੇਰੇ ਤੇ ਸੁਰਵੀਨ ਭਾਬੀ ਦੇ ਜਾਣ ਮਗਰੋਂ ਓਹਨੇ ਓਸੇ ਹਿੱਸੇਦਾਰੀ ਦੀ ਬਦਲੇ, ਬਹੁਤ ਕੁਝ ਹਾਸਿਲ ਕੀਤਾ। ਜੰਮਿਆ ਜਮਾਇਆ ਬਿਜਨੈਸ ਸੀ ਓਹਦੇ ਲਈ,  ਜੀਹਦੇ ਤੇ ਹੁਣ ਓਹਨੇ ਮਾਲਿਕਾਨਾ ਹੱਕ ਬਣਾ ਕੇ ਕੰਪਨੀ ਦੇ ਬਹੁਤ ਸਾਰੇ ਗ਼ਲਤ ਕੰਮ ਕੀਤੇ ਨੇ। ਹਿੱਸੇਦਾਰੀ ਤੋਂ ਕਿਤੇ ਵੱਧ ਕਮਾਏ ਨੇ ਓਹਨੇ। ਹੁਣ ਤਾਂ ਬੋਲਦਾ ਵੀ ਨਹੀਂ ਓਹ। ਦੋ ਸਾਲ ਪਹਿਲਾਂ ਤੇਰੇ ਘਰ ਨੂੰ ਵੇਚਣ ਲਈ ਕੋਈ ਖਰੀਦਾਰ ਆਇਆ ਸੀ , ਓਸ ਵਕਤ ਵੇਖਿਆ ਸੀ ਮੈਂ , ਪਰ ਕਾਗਜ ਤੇਰੇ ਨਾਲ ਤੇ ਬੋਲਦੇ ਸੀ ਅਤੇ ਅਸੀ ਸਾਰੇ ਜੇਨੇ ਅੜ ਗਏ ਕੇ ਇਸ ਘਰ ਦਾ ਮਾਲਿਕ ਹਾਲੇ ਬਿਮਾਰ ਹੈ , ਠੀਕ ਹੋ ਕੇ ਆਵੇਗਾ ਅਤੇ ਓਹ ਆਪ ਨਿਰਣੇ ਲਵੇਗਾ ਕੇ ਇਸ ਘਰ ਨੂੰ ਵੇਚਣਾ ਹੈ  ਜਾ ਫੇਰ  ਰੱਖਣਾ ਹੈ । ਮੈਨੂੰ ਪਤਾ ਕੇ ਓਸ ਘਰ ਵਿਚ ਤੇਰੀ ਤੇ ਭਾਬੀ ਦੀਆਂ ਬਹੁਤ ਸਾਰੀਆਂ ਯਾਦਾਂ ਜੁੜੀਆਂ ਹੋਣਗੀਆਂ, ਅਤੇ ਓਹ

Edit with WPS Office

ਇਹਦੇ ਵਿਚ ਵੀ ਅਪਣਾ ਹਿੱਸਾ ਭਾਲਦਾ ਸੀ। ਮੈਨੂੰ ਪਤਾ ਸੀ ਕੇ ਤੂੰ ਆਉਣਾ ਕਿਸੇ ਦਿਨ ਤਾਂ ਅਸੀਂ ਆਪਣੀ ਉਮੀਦ ਨਹੀਂ ਸੀ ਖੋਈ। ਤੈਨੂੰ ਪਤਾ ਤੇਰੀ ਕੰਪਨੀ ਦੇ ਹਰ ਇਕ ਵਰਕਰ ਵਿਚ ਵੀ ਆਹੀ ਉਮੀਦ ਲਾਈ ਹੋਈ ਹੈ ਕੇ ਤੂੰ ਇਕ ਦਿਨ ਜਰੂਰ ਵਾਪਿਸ ਆਵੇਂਗਾ। ਹੁਣ ਮੈਂ ਜਾ ਕੇ ਦਸਾਂਗਾ ਓਥੇ ਕੇ ਤੂੰ ਹੁਣ ਪੂਰੀ ਤਰਾਂ ਠੀਕ ਹੈ ਤੇ ਜਲਦੀ ਵਾਪਿਸ ਆਉਣਾ ਹੈ |

ਗੈਰੀ- ਨਹੀਂ ਵੀਰੇ, ਹਾਲੇ ਕਿਸੇ ਨੂੰ ਵੀ ਨਾ ਦਸ ਕੇ ਮੈਂ ਆਉਣਾ ਓਥੇ। ਮੈਂ ਹਾਲੇ ਇਸ ਯੋਗ ਨਹੀਂ ਕੇ ਦੋਬਾਰਾ ਤੋ ਸਭ ਕੁਝ ਸਾਂਭ ਪਾਵਾਂ। ਹਾਂ ਮੈਂ ਆਵਾਂਗਾ ਜਰੂਰ। ਇਕ ਵਾਰ ਆ ਕੇ ਆਪ ਸਭ ਸਹੀ ਜਰੂਰ ਕਰਾਂਗਾ। ਪਰ ਮੈਨੂੰ ਫਿਲਹਾਲ ਥੋੜ੍ਹਾ ਵਕਤ ਚਾਹੀਦਾ ਹੈ।

ਅਫ਼ਸਰ - ਠੀਕ ਹੈ , ਕੋਈ ਗੱਲ ਨਾ ਵੀਰ। ਜਦੋਂ ਤੂੰ ਪੂਰੀ ਤਰ੍ਹਾਂ ਠੀਕ ਹੋਵੇ। ਉਦੋਂ ਦੱਸੀ, ਮੈਂ ਆ ਜਾਵਾਂਗਾ ਤੈਨੂੰ ਲੈਣ ਲਈ ।

ਗੈਰੀ - ਨਹੀਂ ਵੀਰੇ ਧੰਨਵਾਦ ਤੁਹਾਡਾ, ਪਰ ਮੈਂ ਆਪ ਹੀ ਆਵਾਂਗਾ।

ਇਹਦੇ ਬਾਅਦ ਅਗਲੀ ਸਵੇਰ ਹੋਈ ਅਤੇ ਸਭ ਨੂੰ ਮਿਲ ਕੇ ਅਫ਼ਸਰ ਵਾਪਿਸ ਪਰਤ ਗਿਆ।।

ਗੈਰੀ ਵੀ ਹੁਣ ਆਪਣੇ ਬੇਬੇ ਬਾਪੂ ਜੀ ਦਾ ਧਿਆਨ ਰੱਖਣ ਲੱਗਾ। ਓਹ ਹੁਣ ਵੱਧ ਤੋਂ ਵੱਧ ਵਕਤ ਆਪਣੇ ਪਰਿਵਾਰ ਨੂੰ ਦੇਂਦਾ। ਓਹ ਆਪਣੀ ਘਰਵਾਲੀ ਤੇ ਬੱਚੇ ਨੂੰ ਖੋ ਕੇ ਇੰਨਾ ਤਾਂ ਸਮਝ ਚੁੱਕਾ ਸੀ ਕੇ ਇਸ ਦੁਨੀਆ ਵਿਚ ਪਰਿਵਾਰ ਦੀ ਅਹਿਮੀਅਤ ਕਿਆ ਹੁੰਦੀ ?

ਆਪਣੀ ਛੋਟੀ ਭੈਣ ਨਵਜੋਤ ਅਤੇ ਭਾਈ ਮਨਵੀਰ ਹੁਣ ਓਹਦੇ ਲਈ ਖਾਸ ਮਾਇਨੇ ਰੱਖਦੇ ਸਨ। ਓਹ ਚਾਹੁੰਦਾ ਸੀ ਕੇ ਓਹ ਓਹਨਾ ਦਾ ਸਾਥ ਦੇਵੇ ਤੇ ਇਕ ਸੁੰਦਰ ਭਵਿੱਖ ਦੇਣ ਦੀ ਇਕ ਕਲਪਨਾ ਓਹਨੇ ਮੰਨ ਅੰਦਰ ਘਰ ਕਰ ਚੁੱਕੀ ਸੀ।

ਓਹਨੇ ਨੋਟ ਕੀਤਾ ਕੇ ਹੁਣ ਛੋਟਾ ਭਾਈ ਹੁਣ ਪੜ੍ਹਾਈ ਪੂਰੀ ਕਰ ਚੁੱਕਾ ਸੀ ਅਤੇ ਨੌਂਕਰੀ ਦੀ ਤਲਾਸ਼ ਵਿਚ ਇਕ ਉਧਰ ਧੱਕੇ ਖਾ ਰਿਹਾ ਸੀ। ਪਰ ਨੌਂਕਰੀ , ਅਜਿਹਾ ਕਿਵੇਂ, ਓਹਨੇ ਗੈਰੀ ਦੀ ਗੈਰਹਾਜ਼ਰੀ ਵਿਚ ਬਿਜਨੈਸ ਕਿਉਂ ਨਾ ਸਾਂਭਿਆ ? ਵਜਹ ਆਹ ਸੀ ਕੇ ਗੈਰੀ ਦੇ ਮਨੇਜਰ ਨੇ ਕਦੇ ਗੈਰੀ ਦੇ ਮਾਪਿਆ ਤੱਕ ਪਹੁੰਚ ਹੀ ਨਹੀਂ ਸੀ ਕੀਤੀ।

ਸ਼ਹਰ ਰਹਿੰਦੇ ਹੋਏ ਗੈਰੀ ਦੀ ਆਮਦਨ ਬਹੁਤ ਵਧੀਆ ਸੀ। ਓਹਨੇ ਮੇਹਨਤ ਨਾਲ ਘਰ ਤੇ ਕਾਰੋਬਾਰ ਦੋਨੋ ਖੜੇ ਕਰੇ। ਸੁਰਵੀਨ ਵੀ ਓਹਦੇ ਨਾਲ ਹੀ ਸੀ। ਓਹਨਾ ਦੋਹਾਂ ਨੇ ਬਹੁਤ ਕੁਝ ਸੋਚ ਕੇ ਰੱਖਿਆ ਹੋਇਆ ਸੀ ਕੇ ਅੱਗੇ ਚਲ ਕੇ ਮਨਵੀਰ ਅਤੇ ਨਵਜੋਤ ਨੂੰ ਵੀ ਏਸੇ ਬਿਜਨੈਸ ਵਿਚ ਨਾਲ ਰਲਾ ਲਵਾਂਗੇ। ਸੁਰਵੀਨ ਤਾਂ ਕੇਹੰਦੀ ਵੀ ਹੁੰਦੀ ਸੀ ਕੇ ਨਵਜੋਤ ਦਾ ਵਿਆਹ ਅਪਾ ਧੂਮ ਧਾਮ ਨਾਲ ਕਰਾਂਗੇ।

ਗੈਰੀ ਬੇਸ਼ੱਕ ਆਪਣੇ ਪਿੰਡ ਤੇ ਪਰਿਵਾਰ ਤੋਂ ਦੂਰ ਜਰੂਰ ਰਹਿੰਦਾ ਸੀ ਪਰ ਹਰ ਮਹੀਨੇ ਪਿੰਡ ਵਿਚ ਵਸਦੇ ਆਪਣੇ ਪਰਿਵਾਰ ਕੋਲ ਪੈਸੇ ਭੇਜਦਾ ਰਹਿੰਦਾ ਸੀ ।ਓਹਦੇ ਮਾਪੇ ਵੀ ਇਕ ਦੋ ਮਹੀਨੇ ਮਗਰੋਂ ਓਹਦੇ ਕੋਲ ਗੇੜਾ ਜਰੂਰ ਲਗਾ ਕੇ ਆਉਂਦੇ ਤੇ ਗੈਰੀ ਵੀ ਫੁਰਸਤ ਦੇ ਦਿਨਾਂ ਵਿੱਚ ਆਪਣੇ ਪਰਿਵਾਰ ਨਾਲ ਪਿੰਡ ਨੂੰ ਆ ਜਾਂਦਾ।

Edit with WPS Office

ਪਰ ਇਸ ਐਕਸੀਡੈਂਟ ਮਗਰੋਂ, ਓਹਦੇ ਮੈਨੇਜਰ ਨੇ ਓਹਦੀ ਤੇ ਓਹਦੇ ਪਰਿਵਾਰ ਦੀ ਕੋਈ ਸਾਰ ਨਾ ਲਈ। ਗੈਰੀ ਦੇ ਮਾਪੇ ਵੀ ਭੋਲੇ ਭਲੇ ਸਨ ਕੇ ਓਹਨਾ ਕਦੇ ਵੀ ਸ਼ਹਿਰ ਜਾ ਕੇ ਆਪਣੇ ਪੁੱਤ ਦਾ ਮਕਾਨ ਜਾ ਕਾਰੋਬਾਰ ਵੇਖ ਆਉਂਦੇ, ਜਾ ਫੇਰ ਪੁੱਛ ਗਿੱਛ ਕਰਦੇ।

ਇਹਨਾ ਤਿੰਨ ਸਾਲਾਂ ਵਿਚ ਹੁਣ ਬਹੁਤ ਕੁਝ ਬਦਲ ਚੁੱਕਾ ਸੀ।

ਖਾਸਕਰ ਸੇਜਲ ਵੀ। ਪਰ ਓਹ ਸਭ ਅੱਗੇ ਜਾ ਕੇ।।

ਕੁਝ ਦਿਨ ਮਗਰੋਂ ਹੀ ਘਰ ਦੀ ਆਪਣੀ ਹਾਲਤ ਵੇਖ ਕੇ  ਗੈਰੀ ਨੂੰ ਅਹਿਸਾਸ ਹੋਣ ਲਗਾ ਕੇ ਹੁਣ ਓਹਨੂੰ ਸ਼ਹਿਰ ਜਾ ਕੇ ਸਾਰਾ ਕੁਝ ਵੇਖਣਾ ਚਾਹੀਦਾ ਹੈ। ਘੱਟੋ ਘੱਟ ਇੱਕ ਵਾਰ ਸ਼ਹਿਰ ਜਾ ਕੇ ਆਪਣੀ ਜਮੀਨ ਤੇ ਕਾਰੋਬਾਰ ਵੇਖ ਕੇ ਆਵੇ , ਅਖੀਰ ਓਹਨੂੰ ਵੀ ਆਪਣੇ ਛੋਟੇ ਭਾਈ ਭੈਣਾਂ ਦਾ ਭਵਿੱਖ ਸੰਵਾਰਨਾ ਸੀ ਅਤੇ ਇਹਦੇ ਲਈ ਚਾਹੀਦੇ ਸਨ ਪੈਸੇ। ਓਹ ਚਾਹੁੰਦਾ ਸੀ ਕੇ ਓਹ ਹੁਣ ਸ਼ਹਿਰ ਜਾਵੇ ਅਤੇ ਮੈਨੇਜਰ ਤੋ ਸਾਰਾ ਹਿਸਾਬ ਲਵੇ। ਫੇਰ ਕਿਸੇ ਵਧੀਆ ਇਨਸਾਨ ਨੂੰ ਸਭ ਸੌਂਪ ਕੇ ਵਾਪਿਸ ਪਿੰਡ ਵਾਪਿਸ ਆਵੇ ਅਤੇ ਭਾਈ ਨੂੰ ਕਾਰੋਬਾਰ ਖੋਲ ਕੇ ਦੇਵੇ ਅਤੇ ਨਾਲ ਹੀ ਭੈਣ ਦਾ ਵਿਆਹ ਵੀ ਕਰਵਾਵੇ।

ਫੇਰ ਇਕ ਦਿਨ।।

ਗੈਰੀ ਆਪਣੀ ਬੇਬੇ ਰਮਣੀਕ ਨੂੰ।।

ਗੈਰੀ - ਬੇਬੇ, ਹੁਣ ਮੈਨੂੰ ਸ਼ਹਿਰ ਵਲ ਨੂੰ ਜਾਣਾ ਚਾਹੀਦਾ।

ਇਹ ਸੁਣ ਕੇ ਰਮਣੀਕ ਨੇ ਸਾਰਾ ਕੰਮ ਕਾਜ ਵਿਚ ਹੀ ਰੋਕ ਦਿੱਤਾ ਅਤੇ ਸਾਰਾ ਘਰ ਦੋਬਾਰਾ ਤੋਂ ਆਪਣੇ ਸਿਰ ਤੇ ਚੁੱਕ ਲਿਆ।

ਰਮਣੀਕ - ਨਹੀਂ , ਤੂੰ ਹੁਣ ਨਹੀਂ ਜਾਣਾ। ਮੇਰਾ ਮਰਿਆ ਮੂੰਹ ਵੇਖੇਂਗਾ ਜੇਕਰ ਦੋਬਾਰਾ ਜਾਣ ਦੀ ਗੱਲ ਵੀ ਕਰੀ।

ਗੈਰੀ - ਬੇਬੇ, ਐਵੇਂ ਨੀ ਬੋਲਦੇ। ਮੈਂ ਕੁਝ ਕੰਮ ਖਤਮ ਕਰਨੇ ਨੇ ਤੇ ਓਹ ਓਥੇ ਜਾ ਕੇ ਹੀ ਨਿਬੜਦਨੇ ਨੇ। ਤਾਹੀਂ ਮੈਂ ਕੇਹੰਦਾ ਹੁੰਦਾ। ਦੋ ਮਹੀਨੇ ਹੋ ਗਏ ਨੇ ਮੈਨੂੰ ਇੱਥੇ ਰਹਿੰਦਿਆ ਨੂੰ। ਹੁਣ ਮੈਨੂੰ ਲਗਦਾ ਕੇ ਓਥੇ ਇਕ ਵਾਰ ਜਾ ਆਉਣਾ ਚਾਹੀਦਾ ਮੈਨੂੰ।

ਰਮਣੀਕ - ਨਹੀਂ ਬਿਲਕੁਲ ਨਹੀਂ। ਰਾਤ ਨੂੰ ਤੇਰੇ ਬਾਪੂ ਜੀ ਆਉਣਗੇ ਘਰ ਓਹਨਾ ਨੂੰ ਮੈਂ ਸਾਰਾ ਕੁਝ ਦੱਸਾਂਗੀ।

ਗੈਰੀ - ਠੀਕ ਹੈ ਬੇਬੇ। ਰਾਤ ਨੂੰ ਅਪਾ ਸਾਰੇ ਰਲ ਮਿਲ ਕੇ ਕੋਈ ਨਿਰਣੇ ਲੈਂਦੇ ਹਾਂ।

ਰਾਤ ਨੂੰ ਸਾਰੇ ਪਰਿਵਾਰ ਦੇ ਜਨ ਇਕ ਥਾਂ ਇਕੱਠੇ ਹੋਏ।

ਗੈਰੀ - ਬਾਪੂ ਜੀ , ਤੁਸੀ ਦੱਸੋ । ਮੈਂ ਕਰਾਂ ਕਿਆ ?

ਗੈਰੀ ਦੇ ਬਾਪੂ ਜੀ - ਕੀ ਕਰਾਂ ਕਿਆ ? ਖੇਤ ਆਪਣੇ ਨੇ, ਇਹ ਪਿੰਡ ਆਪਣਾ, ਤੂੰ ਖੇਤ ਜਾ ਆਇਆ ਕਰ। ਪਰ ਮੈਂ ਵੀ ਨਹੀਂ ਚਾਹੁੰਦਾ ਕੇ ਤੂੰ ਓਸ ਸ਼ਹਿਰ ਵਲ ਨੂੰ ਦੋਬਾਰਾ ਤੋਂ ਮੂੰਹ ਕਰੇ।

Edit with WPS Office

ਗੈਰੀ - ਠੀਕ ਹੈ ਬਾਪੂ ਜੀ। ਪਰ ਤੁਸੀ ਮੈਨੂੰ ਇੰਨਾ ਦੱਸੋ ਕੇ ਮੇਰੇ ਮੈਨੇਜਰ ਸੁਰੇਸ਼ ਨੇ ਕਦੇ ਵੀ ਸਾਰ ਲਈ ਤੁਹਾਡੀ ਜਾ ਮੇਰੀ ਇਥੇ ਆ ਕੇ। ਕਿਆ ਮੈਂ ਇੰਨੇ ਸਾਲ ਮੇਹਨਤ ਕਰੀ , ਓਹ ਐਵੇਂ ਹੀ ਛੱਡ ਦੇਵਾਂ।। ਮੇਰੇ ਛੋਟੇ ਭਾਈ ਨੂੰ ਰੋਜ ਥਾਂ ਥਾਂ ਧੱਕੇ ਖਾਣੇ ਪੈਂਦੇ ਨੇ ਕੰਮ ਦੀ ਤਲਾਸ਼ ਵਿਚ , ਓਹ ਕਿਉਂ ਖਾਵੇ ਧੱਕੇ, ਜਦਕਿ ਇਹ ਕਾਰੋਬਾਰ ਜਿੰਨਾ ਮੇਰਾ ਸੀ ਓਹਨਾ ਓਹਦਾ ਵੀ ਤਾਂ ਹੈ।

ਇੰਨੇ ਨੂੰ ਮਨਵੀਰ ਵੀ ਬੋਲ ਪਿਆ।

ਮਨਵੀਰ - ਵੀਰੇ , ਮੈਨੂੰ ਕੋਈ ਲਾਲਚ ਨੀ ਹੈ। ਮੈਂਨੂੰ ਅੱਜ ਨਹੀਂ ਤਾਂ ਕਲ ਕੋਈ ਵਧੀਆ ਨੌਕਰੀ ਮਿਲ ਹੀ ਜਾਣੀ। ਪਰ ਮੈਂ ਨੀ ਚਾਹੁੰਦਾ ਕੇ ਤੁਸੀ ਓਥੇ ਜਾ ਕੇ ਦੋਬਾਰਾ ਓਹੀ ਚੀਜ਼ਾਂ ਵਿੱਚ ਫਸੋ। ਪਲੀਜ਼ ਮੰਨ ਜਾਓ ਤੇ ਓਥੇ ਜਾਣ ਦਾ ਵਿਚਾਰ ਬਦਲ ਲਵੋ।

ਨਵਜੋਤ - ਵੀਰੇ , ਮੈਂ ਖੁਸ਼ ਤਾਂ ਹਾਂ ਇਥੇ। ਮੈਂ ਨਹੀਂ ਚਾਹੁੰਦੀ ਕੇ ਤੁਸੀ ਮੈਨੂੰ ਛੱਡ ਕੇ ਜਾਓ। ਤੁਹਾਨੂੰ ਮੇਰੀ ਕਸਮ ਹੈ, ਤੁਸੀ ਨਹੀਂ ਜਾਵੋਗੇ ਓਥੇ ਹੁਣ।

ਗੈਰੀ ਇੰਨਾ ਸੁਣ ਕੇ ਚੁੱਪ ਹੋ ਜਾਂਦਾ ਹੈ ਅਤੇ ਇਸ ਬਾਰੇ ਅੱਗੇ ਕੋਈ ਵੀ ਗੱਲ ਨਹੀਂ ਕਰਦਾ।

ਪਰ ਹੁਣ ਓਹ ਬੈਚੇਨ ਸੀ। ਰਾਤ ਨੂੰ ਸੌਂਦੇ ਵਕਤ ਓਹਨੂੰ ਓਹੀ ਸਭ ਯਾਦ ਆਉਂਦਾ , ਪਰ ਇਸ ਵਾਰ ਓਹਨੂੰ ਓਹ ਵੀ ਵਕ਼ਤ ਵੀ ਯਾਦ ਆਉਂਦਾ ਜਦੋਂ ਓਹਨੇ ਆਪਣੀ ਘਰਵਾਲੀ ਤੋਂ ਚੈੱਕ ਬਾਰੇ ਪੁੱਛਿਆ ਸੀ। ਓਹਦੀ ਘਰਵਾਲੀ ਨੇ ਓਸ ਦਿਨ ਗੈਰੀ ਨੂੰ ਸਭ ਦਸਣਾ ਵੀ ਚਾਹਿਆ, ਪਰ ਗੈਰੀ ਓਹਨੂੰ ਅਣਸੁਣਿਆ ਕਰਦਾ ਰਿਹਾ। ਬਾਅਦ ਵਿਚ ਓਹਨੂੰ ਵਕਤ ਹੀ ਨਹੀਂ ਮਿਲਿਆ ਕੇ ਓਹ ਜਾਣਕਾਰੀ ਹਾਸਿਲ ਕਰ ਸਕੇ।

ਪਰ ਹੁਣ ਗੈਰੀ ਨੂੰ ਯਾਦ ਆਇਆ ਕੇ ਓਹਦੀ ਘਰਵਾਲੀ ਕਿਸੇ ਦੀ ਮਦਦ ਕਰਨਾ ਚਾਹੁੰਦੀ ਸੀ। ਪਰ ਕਿਸਦੀ ? ਤੇ ਕਿਆ ਓਹ ਮਦਦ ਪਹੁੰਚ ਗਈ ਹੋਵੇਗੀ ? ਯਕੀਨਨ ਨਹੀਂ ਪਹੁੰਚੀ ਹੋਵੇਗੀ।

ਕੌਣ ਸੀ ਓਹ ਲੋੜਵੰਦ, ਕੋਈ ਆਪਣਾ।। ਪਰ ਕੌਣ ? ਇਹਦਾ ਜਵਾਬ ਤਾਂ ਗੈਰੀ ਨੂੰ ਓਥੇ ਜਾ ਕੇ ਹੀ ਮਿਲ ਸਕਦਾ ਸੀ।

ਪਰ ਜਾਵੇ ਕਿਵੇਂ ? ਆਪਣੇ ਮਾਪਿਆ ਦੇ ਕਹੇ ਨੂੰ ਅਣਸੁਣਿਆ ਕਰਕੇ। ਆਪਣੀ ਭੈਣ ਦੀ ਦਿੱਤੀ ਕਸਮ ਨੂੰ ਤੋੜ ਕੇ।

ਨਹੀਂ। ਬਿਲਕੁਲ ਵੀ ਨਹੀਂ। ਇਹ ਗ਼ਲਤ ਹੋਵੇਗਾ।।

ਮਾਪੇ ਹਮੇਸ਼ਾ ਆਪਣੀ ਖੈਰ ਸੁਖ ਹੀ ਚਾਹੁੰਦੇ ਹੁੰਦੇ ਨੇ। ਓਹ ਨਹੀਂ ਚਾਹੁੰਦੇ ਕੇ ਤੁਸੀ ਕਦੇ ਵੀ ਕਿਸੇ ਮੁਸੀਬਤ ਵਿਚ ਫਸ ਜਾਵੋ। ਓਹ ਹਮੇਸ਼ਾ ਤੁਹਾਡਾ ਸਹੀ ਮਾਰਗਦਰਸ਼ਨ ਹੀ ਕਰਨਗੇ। ਪਰ ਲੋੜ ਤੋਂ ਵੱਧ ਕੀਤਾ ਪਿਆਰ , ਤੁਹਾਡੇ ਪੈਰਾਂ ਦੀਆਂ ਜੰਜੀਰਾਂ ਵੀ ਪਾਉਂਦਾ ਹੈ। ਉਦੋਂ ਤੁਹਾਡਾ ਵੀ ਫ਼ਰਜ਼ ਹੁੰਦਾ ਹੈ ਕੇ ਤੁਸੀ ਓਹਨਾ ਨੂੰ ਅਪਣਾ ਮੰਤਵ ਆਪਣੀ ਸੋਚ ਸਹੀ ਢੰਗ ਨਾਲ ਦੱਸੋ। ਪਰ ਅਪਾ ਕਰਦੇ ਹਾਂ ਜਿੱਦ ਜਾ ਫੇਰ ਅਣਸੁਣਿਆ। ਜਦਕਿ ਇਹਦੀ ਲੋੜ ਹੀ ਨਹੀਂ। ਇਥੇ ਲੋੜ ਹੁੰਦੇ ਭਰੋਸੇ ਦੀ ਅਤੇ ਸਮਰਪਣ ਭਾਵਨਾ ਦੀ।

Edit with WPS Office

ਤੁਸੀ ਪੂਰੀ ਸ਼ਿੱਦਤ ਨਾਲ ਆਪਣੀ ਗਲ ਨੂੰ ਪ੍ਰਮੁੱਖਤਾ ਨਾਲ ਦੱਸੋ ਅਤੇ ਭਰੋਸਾ ਦਿਓ ਓਹਨਾ ਨੂੰ ਕੇ ਤੁਸੀ ਓਹਨਾ ਦੇ ਨਾਲ ਹੀ ਖੜੇ ਹੋ । ਤੁਸੀ ਅਜ਼ੇਹਾ ਕੋਈ ਵੀ ਕੰਮ ਨਹੀਂ ਕਰੋਗੇ ਜਿਸ ਨਾਲ ਓਹਨਾ ਦਾ ਮਾਣ ਸਨਮਾਨ ਨੂੰ ਠੇਸ ਲੱਗੇ , ਜਾ ਫੇਰ ਤੁਹਾਡੇ ਤੇ ਕੋਈ ਮੁਸੀਬਤ ਆਵੇ। ਸਹੀ ਚਲਣਾ ਤੁਸੀ , ਨਾ ਕੇ ਗ਼ਲਤ ਹੋ ਕੇ। ਵਾਪਿਸ ਓਹਨਾਂ ਕੋਲ ਆਉਣਾ ਹੈ ਤੇ ਓਹਨਾ ਨੂੰ ਹਰ ਖੁਸੀ ਦੇਣੀ ਹੈ।

ਇਹੀ ਮੇਰੀ ਰਾਇ ਹੈ।

ਹੁਣ ਅਗਲੀ ਸਵੇਰ ਹੋਏ, ਗੈਰੀ ਆਪਣੀ ਬਾਪੂ ਜੀ ਮਲਕੀਤ ਸਿੰਘ ਜੀ ਨਾਲ ਖੇਤ ਵੱਲ ਨੂੰ ਜਾ ਰਿਹਾ ਸੀ। ਓਹਦੇ ਮਨ ਵਿਚ ਸਿਰਫ ਆਹੀ ਸੀ ਕੇ ਓਹ ਆਪਣੇ ਪਿਤਾ ਨੂੰ ਇਹ ਦੱਸ ਪਾਵੇ ਕੇ ਓਹ ਦਿੱਲੀ ਕਿਉਂ ਜਾਣਾ ਚਾਹੁੰਦਾ ਹੈ ?

ਗੈਰੀ - ਬਾਪੂ ਜੀ , ਫ਼ਰਜ਼ ਕਰੋ ਕੇ ਇਹ ਖੇਤ ਆਪਣੇ ਨੇ , ਫਸਲ ਆਪਣੀ ਹੈ। ਕੋਈ ਅਣਜਾਣ ਸ਼ਖਸ਼ ਇਹ ਆ ਕੇ ਕਹੇ ਕੇ ਇਹ ਫ਼ਸਲ ਅਤੇ ਜਮੀਨ ਤੁਹਾਡੀ ਨਹੀਂ ਓਹਦੀ ਹੈ , ਤਾਂ ਤੁਹਾਨੂੰ ਕਿਵੇਂ ਲਗਣਾ ?

ਮਲਕੀਤ - ਪੁੱਤ ਮੈਂ ਜਾਣਦਾ ਕੇ ਤੂੰ ਇਹ ਸਭ ਮੈਨੂੰ ਕਿਉਂ ਕੇਹ ਰਿਹਾ ਹੈ। ਪਰ ਇਹ ਦਸ ਤੂੰ ਓਥੇ ਜਾ ਕੇ ਕਰੇਂਗਾ ਕੀ?

ਗੈਰੀ - ਬਾਪੂ ਜੀ , ਮੇਰੀ ਕੰਪਨੀ ਵਿਚ ਮੇਰਾ ਅਧਿਕਾਰ ਹੈ। ਮੈਂ ਤੇ ਸੁਰਵੀਨ ਨੇ ਦਿਨ ਰਾਤ ਇੱਕ ਕਰਕੇ ਇਹ ਸਭ ਖੜਾ ਕਰਿਆ ਸੀ। ਓਥੇ ਆਪਣਾ ਇਕ ਘਰ ਵੀ ਹੈ ਅਤੇ ਕੰਪਨੀ ਵਿਚ ਕੰਮ ਕਰਦਾ ਹਰ ਇਕ ਮੁਲਾਜਮ ਮੇਰੇ ਧੀ ਪੁੱਤ ਵਰਗਾ ਹੈ। ਹੁਣ ਤੁਸੀ ਦੱਸੋ ਕੇ ਓਹਦੇ ਤੇ ਮੈਂ ਕਿਵੇਂ ਕਿਸੇ ਨੇ ਅਧਿਕਾਰ ਸਥਾਪਿਤ ਕਰਨ ਦੇ ਦੇਵਾਂ। ਸੁਰਵੀਨ ਨੇ ਤਾਂ ਇਹ ਸਭ ਨਹੀਂ ਸੀ ਚਾਹਿਆ। ਮੈਨੂੰ ਇਕ ਵਾਰ ਜਾਣ ਤਾਂ ਦਿਓ। ਅਗਰ ਓਥੇ ਮੈਨੂੰ ਕੋਰਟ ਕੇਸ ਵੱਲ ਮੂੰਹ ਕਰਨਾ ਪਿਆ ਤਾਂ ਮੈਂ ਵਾਪਿਸ ਆ ਜਾਵਾਂਗਾ। ਮੈਂ ਸਿਰਫ ਓਥੇ ਜਾ ਕੇ ਆਪਣੇ ਪਰਿਵਾਰ ਦੀਆਂ ਨਿਸ਼ਾਨੀਆਂ ਇਕਠੀਆ ਕਰਨਾ ਚਾਹੁੰਦਾ ਹਾਂ। ਬਾਪੂ ਜੀ, ਮੈਂ ਵਾਅਦਾ ਕਰਦਾ ਕੇ ਜਿਵੇਂ ਹੀ ਮੇਰਾ ਕੰਮ ਖਤਮ ਹੋਇਆ , ਮੈਂ ਵਾਪਿਸ ਆ ਜਾਣਾ ਇਥੇ ਤੁਹਾਡੇ ਕੋਲ ਹੀ। ਓਥੇ ਰਹਿਣਾ ਦਾ ਹੁਣ ਮੇਰਾ ਵੀ ਭੋਰਾ ਮੰਨ ਨਹੀਂ ਹੈ।

ਮਲਕੀਤ - ਠੀਕ ਹੈ , ਮੈਂ ਘਰ ਜਾ ਕੇ ਕੁਝ ਸੋਚ ਵਿਚਾਰ ਕਰਦਾ ਅਤੇ ਤੇਰੀ ਬੇਬੇ ਨਾਲ ਸਲਾਹ ਮਸ਼ਵਰਾ ਕਰਕੇ ਦਸਦਾ ਤੈਨੂੰ।।

ਇਹਦੇ ਬਾਅਦ ਮਲਕੀਤ ਇਕੱਲਿਆ ਦੋਪਹਰ ਨੂੰ ਘਰ ਪਰਤ ਜਾਂਦਾ ਤੇ ਗੈਰੀ ਓਥੇ ਹੀ ਖੇਤਾਂ ਦਾ ਕੰਮ ਸਾਂਭਣ ਲੱਗ ਪੈਂਦਾ ਹੈ| ਮਲਕੀਤ ਘਰ ਪਹੁੰਚ ਕੇ ਆਪਣੀ ਪਤਨੀ ਨਾਲ ਸਾਰੀ ਗੱਲ ਬਾਤ ਸਾਂਝੀ ਕਰਦਾ ਹੈ।

ਸ਼ਾਮ ਦੇ ਵਕਤ ਤਕ ਰਮਣੀਕ ਤੇ ਹੋਰ ਸਾਰੇ ਘਰ ਦੇ ਮੰਨ ਚੁੱਕੇ ਸਨ, ਪਰ ਕੁਝ ਸ਼ਰਤਾਂ ਦੇ ਨਾਲ।

ਮਲਕੀਤ - ਪੁੱਤ , ਠੀਕ ਹੈ ਤੂੰ ਜਾਵੇਂਗਾ ਜਿੱਥੇ ਵੀ ਜਾਣਾ ਚਾਹੁੰਦਾ। ਪਰ ਸਾਡੀਆਂ ਕੁਝ ਸ਼ਰਤਾਂ ਵੀ ਨੇ।

ਗੈਰੀ - ਜੀ ਬਾਪੂ ਜੀ ।

ਮਲਕੀਤ - ਸਭ ਤੋਂ ਪਹਿਲਾਂ ਤੂੰ ਇਕੱਲਿਆ ਨਹੀਂ ਜਾਵੇਂਗਾ। ਮਨਵੀਰ ਵੀ ਜਾਵੇਗਾ ਤੇਰੇ ਨਾਲ ਅਤੇ ਓਥੇ ਤੇਰੇ ਨਾਲ ਹੀ ਰਹੇਗਾ।

ਗੈਰੀ - ਠੀਕ ਹੈ ਬਾਪੂ ਜੀ।

Edit with WPS Office

ਮਲਕੀਤ - ਦੂਸਰੀ ਗੱਲ, ਤੂੰ ਓਥੇ ਆਪਣੇ ਘਰ ਨਹੀਂ ਜਾਵੇਗਾ। ਜਾਵੇਗਾ ਓਦੋਂ ਹੀ ਜਦ ਤੂੰ ਵਾਪਿਸ ਇਥੇ ਆਉਣਾ ਹੋਇਆ , ਅਸੀਂ ਅਫ਼ਸਰ ਨੂੰ ਫੋਨ ਕਰ ਦਿੱਤਾ ਹੈ , ਤੂੰ ਓਹਦੇ ਨਾਲ ਓਹਦੇ ਘਰ ਹੀ ਰਹਿਣਾ ਹੈ।

ਗੈਰੀ - ਪਰ ਬਾਪੂ ਜੀ, ਅਫ਼ਸਰ ਵੀਰ ਜੀ ਦੇ ਘਰ। ਤੁਸੀ ਓਹਨਾ ਦੀ ਮਾਲੀ ਹਾਲਤ ਤੋਂ ਜਾਣਦੇ ਤਾਂ ਹੋ ਸਾਰਾ। ਮੈ। ਤਾਂ ਓਸੇ ਦਿਨ ਹੀ ਵੇਖ ਲਿਆ , ਇਨੀ ਸਰਦ ਰਾਤ ਓਹ ਬੇਚਾਰੇ ਚੱਪਲਾਂ ਵਿਚ ਹੀ ਘਰ ਆ ਗਏ ਸਨ , ਸਿਰਫ ਮੈਨੂੰ ਦੇਖਣ ਲਈ। ਕਿਆ ਇਹ ਤਰ੍ਹਾਂ ਓਹਨਾ ਤੇ ਬੋਝ ਬਣਨਾ ਠੀਕ ਰਹੇਗਾ ?

ਇਹ ਸੁਣ ਕੇ ਮਲਕੀਤ ਤੇ ਰਮਣੀਕ ਦੋਵੇਂ ਸੋਚਾਂ ਵਿਚ ਪੈ ਜਾਂਦੇ ਨੇ। ਅਸਲ ਵਿੱਚ ਓਹਨਾ ਕਦੇ ਆਪਣੇ ਓਸ ਪੁੱਤਰ ਦਾ ਸਾਰ ਹੀ ਨਹੀਂ ਸੀ ਪੁੱਛਿਆ। ਪਰ ਗੈਰੀ , ਓਹਨੇ ਤਾਂ ਪਹਿਲੇ ਮੇਲ ਤੇ ਹੀ ਆਪਣੇ ਜਿਗਰੀ ਯਾਰ ਦਾ ਸਾਰਾ ਭੇਤ ਹੀ ਜਾਣ ਲਿਆ। ਹੁਣ ਸਮਝ ਲੱਗੀ ਕੇ ਓਹ ਵਾਪਸੀ ਦੀ ਟਿਕਟ ਵੀ ਕਰਾ ਕੇ ਨਹੀਂ ਸਨ ਆਏ। ਓਹ ਤਾਂ ਬਸ ਇਕ ਮੋਹ ਦੀ ਤਾਰ ਨਾਲ ਜਿਵੇਂ ਸਨ ਓਵੇਂ ਹੀ ਗੈਰੀ ਨੂੰ ਮਿਲਣ ਬਸ ਖਿੱਚੇ ਚਲੇ ਆਏ ਸਨ।

ਮਨਜੀਤ ਮਨਵੀਰ ਨੂੰ - ਮਨਵੀਰ ਪੁੱਤ , ਤੂੰ ਕੋਈ ਹੋਟਲ ਜਾ ਕੁਝ ਵੇਖ ਲਈ ਆਪਣੇ ਦੋਹਾਂ ਦੇ ਰਹਿਣ ਲਈ।

ਫੇਰ ਮਨਜੀਤ ਗੈਰੀ ਨੂੰ - ਹੁਣ ਠੀਕ ਹੈ ? ਨਾਲੇ ਜਿਨੀ ਜਲਦੀ ਹੋ ਸਕੇ ਵਾਪਿਸ ਆਉਣਾ ਤੁਸੀ ਦੋਹਾਂ ਨੇ।

ਤੇ ਇਸ ਤਰਾਂ ਇਹ ਤੈਅ ਹੋਇਆ ਕੇ ਗੈਰੀ ਮਨਵੀਰ ਦੇ ਨਾਲ ਦਿੱਲੀ ਨੂੰ ਜਾਵੇਗਾ। ਪਹਿਲਾਂ ਤਾਂ ਇਕ ਗੱਡੀ ਕਿਰਾਏ ਤੇ ਕਰਨ ਬਾਰੇ ਸੋਚਿਆ ਗਿਆ, ਪਰ ਗੈਰੀ ਨੇ ਇਹਨੂੰ ਸਾਫ਼ ਮਨਾ ਕਰ ਦਿੱਤਾ। ਓਹ ਨਹੀਂ ਸੀ ਚਾਹੁੰਦਾ ਕੇ ਕੋਈ ਫਿਜ਼ੂਲ ਖਰਚੀ ਹੋਵੇ। ਸਿੱਧੀ ਟ੍ਰੇਨ ਰਹੀ ਹੀ ਓਥੇ ਪਹੁੰਚਣਾ ਬੇਹਤਰ ਹੈ।।

ਅਤੇ ਇਸ ਤਰ੍ਹਾਂ ਇਹ ਕਹਾਣੀ ਦਾ ਪੜਾਵ ਸਾਰਾ ਇਥੇ ਹੀ ਸਮਾਪਤ ਹੋ ਜਾਂਦਾ ਹੈ।।

ਹੁਣ ਅੱਗੇ ਅਪਾ ਕੁਝ ਸਾਲਾਂ ਨੂੰ ਇਕੱਠਾ ਕਰਨਾ ਜਾਰੀ ਕਰਦੇ ਹਾਂ ਤਾਂ ਜੋਂ ਤੁਸੀ ਪੂਰੇ ਇਸ ਕਹਾਣੀ ਦੀਆਂ ਪਰਤਾਂ ਨੂੰ ਆਰਾਮ ਨਾਲ ਖੋਲ ਸਕੋ।

ਸਫ਼ਰ ਲੰਬਾ ਸੀ , ਪਰ ਇਹ ਸਫ਼ਰ ਓਹ ਰੌਣਕ ਭਰੀਆਂ ਯਾਦਾਂ ਤੋਂ ਘਟ ਨਹੀਂ ਸੀ ਜੋਂ ਗੈਰੀ ਤੇ ਸੁਰਵੀਨ ਨੇ ਹੁਣ ਤੱਕ ਇੱਕਠਿਆ ਤੈਅ ਕੀਤਾ ਸੀ।

ਜਾਨਣਾ ਚਾਹੁੰਦੇ ਹੋ ਤੁਸੀ। ਤੁਹਾਨੂੰ ਹੁਣ ਲੈਅ ਚਲਦੇ ਹਾਂ ਸੰਨ 2012 ਵਿਚ ਜਦੋਂ ਸੁਰਵੀਨ ਨੇ ਆਪਣੇ ਪਿਤਾ ਗੁਰਿੰਦਰ ਦੇ ਇੰਤਕਾਲ ਦੇ ਠੀਕ ਇਕ ਮਹੀਨੇ ਬਾਅਦ ਆਪਣਾ ਘਰ ਛੱਡਿਆ ਹੀ ਸੀ ਅਤੇ ਪੜ੍ਹਾਈ ਲਿਖਾਈ ਵਿਚ ਉੱਤਮ ਹੋਣ ਕਰਕੇ ਓਹਨੂੰ ਨੌਕਰੀ ਵੀ ਬਹੁਤ ਜਲਦ ਹੀ ਮਿਲ ਚੁੱਕੀ ਸੀ।

ਗੈਰੀ ਵੀ ਓਹਨਾ ਦਿਨਾਂ ਤੋਂ ਤਕਰੀਬਨ ਡੇਢ ਜਾ ਦੋ ਸਾਲ ਪਹਿਲਾਂ ਹੀ ਪਿੰਡ ਤੋਂ ਸ਼ਹਿਰ ਨੌਕਰੀ ਦੀ ਤਲਾਸ਼ ਵਿਚ ਆਇਆ ਸੀ। ਪਹਿਲਾਂ ਨੌਕਰੀ ਕੀਤੀ ਤੇ ਫੇਰ ਓਸੇ ਕੰਪਨੀ ਵਿਚ ਮੈਨੇਜਰ ਦੀ ਪੋਸਟ ਹਾਸਿਲ ਕੀਤੀ ਜਿਸ ਵਿਚ ਓਹਨੂੰ ਦੋ ਸਾਲ ਲੱਗ ਗਏ ਸਨ।

ਏਸੇ ਪੋਸਟ ਤੇ ਕੰਮ ਕਰਦਿਆਂ ਸੰਨ 2012 ਵਿਚ ਓਹਦੀ ਮੁਲਾਕਾਤ ਹੋਈ, ਸੁਰਵੀਨ ਨਾਲ ਜੀਹਨੇ ਕੁਝ ਸਮਾਂ ਪਹਿਲਾਂ ਹੀ ਅਪਣਾ ਘਰ ਛੱਡਿਆ ਸੀ | ਮੇਰੇ ਕਹਿਣ ਦਾ ਭਾਵ ਕੇ ਹੁਣ ਇਕੋ ਜਗਾ ਤੇ ਕੰਮ ਕਰਦੇ ਸਨ |

Edit with WPS Office

ਹੁਣ ਇਹ ਕਹਾਣੀ ਹੈ ਗੈਰੀ ਤੇ ਸੁਰਵੀਨ ਦੇ ਯਾਦਾਂ ਨਾਲ ਭਰੇ ਸਫ਼ਰ ਦੀ , ਜੌ ਕੇ ਗੈਰੀ ਇਸ ਵਕ਼ਤ ਟ੍ਰੇਨ ਦੇ ਸਫ਼ਰ ਦੌਰਾਨ ਯਾਦ ਕਰਦਾ ਪਿਆ ਹੈ|

ਸੁਰਵੀਨ ਤੇ ਗੈਰੀ ਦੀ ਮੁਲਾਕਾਤ ਕਿਵੇਂ ਹੋਈ ? ਇਹ ਸਭ ਕਹਾਣੀ ਦੀ ਸ਼ੁਰੂਆਤ ਹੁੰਦੀ ਹੈ ਸੰਨ 2014 ਵਿਚ। ਗੈਰੀ ਓਸ ਵਕ਼ਤ 22 ਸਾਲਾਂ ਦਾ ਇਕ ਪੜ੍ਹਿਆ ਲਿਖਿਆ ਲੜਕਾ ਸੀ ਪੰਜਾਬ ਦੇ ਜਿਲ੍ਹਾ ਹੁਸ਼ਿਆਰਪੁਰ ਤੋਂ ਇਕ ਛੋਟੇ ਜਿਹੇ ਪਿੰਡ ਰੂਣੀ ਦਾ ਰਹਿਣ ਵਾਲਾ | ਪੂਰੇ ਟੱਬਰ ਦਾ ਪੇਸ਼ਾ ਖੇਤੀਬਾੜੀ ਹੀ ਸੀ | ਪਰ ਓਹ ਆਪਣੇ ਸਾਰੇ ਭਾਈਆਂ ਰਿਸਤੇਦਾਰਾ ਵਿੱਚੋ ਸਭ ਤੋਂ ਵੱਧ ਮਿਹਨਤੀ ਸੀ | ਓਹਦੇ ਘਰ ਬਾਰੇ ਸਾਰੀ ਚਰਚਾ ਮੈਂ ਪਿਛਲੇ ਭਾਗਾਂ ਵਿਚ ਪਹਿਲਾਂ ਹੀ ਕਰ ਚੁੱਕਿਆ ਹਾਂ | ਓਹਨੇ ਮੇਹਨਤ ਨਾਲ ਪੜ੍ਹਾਈ ਕੀਤੀ ਤੇ ਉੱਚੀ ਸਿੱਖਿਆ ਲਈ ਪਿੰਡ ਤੋਂ ਬਾਹਰ ਪੈਰ ਪੁੱਟਿਆ | ਓਹਨੇ ਅਮ ਬੀ ਏ ਅਹਿਮਦਾਬਾਦ ਤੋਂ ਕੀਤੀ ਤੇ ਅਖੀਰ ਆਪਣੀ ਮਿਹਨਤ ਸਦਕਾ ਦਿੱਲੀ ਦੀ ਇਕ ਵਿਸ਼ਵ ਪੱਧਰੀ ਕੰਪਨੀ ਵਿਚ ਮੈਨੇਜਰ ਦੀ ਪੋਸਟ 'ਤੇ ਕਾਬਿਜ ਹੋਇਆ | ਸਭ ਕੁਝ ਸਹੀ ਜਾ ਰਿਹਾ ਸੀ, ਓਹਦੇ ਲਈ ਓਹਦੇ ਮਾਪੇ ਰਿਸ਼ਤੇ ਦੀ ਤਲਾਸ਼ ਵਿਚ ਰੁੱਝੇ ਹੋਏ ਸਨ | ਘਰ ਵਿੱਚ ਓਹਦੇ ਮਾਪੇ ਤੇ ਇਕ ਛੋਟਾ ਭਾਈ ਮਨਵੀਰ ਅਤੇ ਛੋਟੀ ਭੈਣ ਨਵਜੋਤ ਹੀ ਸੀ । ਪਿਤਾ ਮਨਜੀਤ ਸਿੰਘ ਜੀ ਖੇਤੀਬਾੜੀ ਦਾ ਕੰਮ ਕਰਦੇ ਸਨ ।

ਪਰ ਗੈਰੀ ਦੀ ਮੁੱਢ ਤੋਂ ਇਕ ਸਿਫ਼ਤ ਸੀ ਓਹਦੀ , ਸ਼ਹਿਰੀ ਵਿਚਾਰਧਾਰਾ ਵਿਚ ਸਮਾ ਬਤੀਤ ਕਰਦੇ ਹੋਏ ਵੀ ਓਹ ਆਪਣੇ ਵਿਰਸੇ ਤੇ ਸੱਭਿਆਚਾਰ ਨੂੰ ਨਹੀਂ ਭੁੱਲਦਾ ਸੀ | ਓਹ ਕੋਸ਼ਿਸ਼ ਕਰਦਾ ਕੇ ਮਹੀਨੇ ਵਿਚ ਘੱਟੋ ਘੱਟ ਇੱਕ ਵਾਰ ਆਪਣੇ ਪਿੰਡ ਵਿੱਚ ਜਾ ਕੇ ਆਵੇ | ਹੌਲੀ ਹੌਲੀ ਸਮਾਂ ਬੀਤਦਾ ਗਿਆ , ਤੇ ਕੰਮ ਦੇ ਦੌਰਾਨ ਹੀ ਓਹਦੀ ਮੁਲਾਕਾਤ ਹੋਈ ਸੁਰਵੀਨ ਨਾਲ |

ਜਿਵੇਂ ਮੈਂ ਦਸਿਆ ਕੇ ਓਹ ਵੀ ਮੂਲ ਪੰਜਾਬ ਤੋਂ ਹੀ ਸੀ , ਪਰ ਓਹਦਾ ਪਰਿਵਾਰ ਦਿੱਲੀ ਵਿੱਚ ਹੀ ਰਹਿੰਦਾ ਸੀ | ਇਥੇ ਹੀ ਓਹ ਓਹਦੀ ਪਰਵਰਿਸ਼ ਵੀ ਹੋਈ | ਓਸ ਵਕ਼ਤ ਗੈਰੀ ਦੀ ਮੁਲਾਕਾਤ ਇਕ ਸੈਮੀਨਾਰ ਵਿਚ ਸੁਰਵੀਨ ਨਾਲ ਹੋਈ ਸੀ | ਓਥੇ ਹੀ ਓਹਨੇ ਸੁਰਵੀਨ ਨੂੰ ਵੇਖਿਆ ਸੀ | ਸ਼ੁਰੂ ਸ਼ੁਰੂ ਵਿਚ ਓਹਨਾਂ ਵਿਚ ਕੁਝ ਵੀ ਪਿਆਰ ਮੋਹੱਬਤ ਅਜਿਹਾ ਕੁਝ ਵੀ ਨਹੀਂ ਸੀ | ਓਸੇ ਕੰਪਨੀ ਵਿਚ ਕੰਮ ਕਰਦੇ ਹੋਏ ਇਕ ਕਾਊਂਸਿਲ ਆਰਡਰ ਪੂਰਾ ਕਰਨ ਦੌਰਾਨ ਓਹਨਾਂ ਨੂੰ ਇਕੱਠਿਆਂ ਇਕ ਟੀਮ ਵਿਚ ਕੰਮ ਕਰਨਾ ਪਿਆ ਸੀ |

ਸਭਦੇ ਕੀਤੇ ਵਧੀਆ ਟੀਮ ਵਰਕ ਨਾਲ ਪ੍ਰੋਜੈਕਟ ਵਧੀਆ ਗਿਆ ਤੇ ਸ਼ਾਮ ਨੂੰ ਰੱਖੀ ਆਫਿਸ ਦੀ ਪਾਰਟੀ ਵਿਚ ਓਹਨਾਂ ਦੋਹਾਂ ਨੂੰ ਖੁੱਲ ਕੇ ਗੱਲਾਂ ਕਰਨ ਦਾ ਵਕਤ ਮਿਲਿਆ |

ਹੁਣ ਓਸ ਪਾਰਟੀ ਦਾ ਦ੍ਰਿਸ਼ ||।

ਆਫਿਸ ਦੀ ਉਬਾਉ ਭਾਰੀ ਪਾਰਟੀ ਦੇ ਬਾਅਦ ਗੈਰੀ ਇਕ ਕੋਨੇ ਵਿਚ ਬੈਠਾ ਆਪਣੇ ਕੰਮ ਕਾਜ ਬਾਰੇ ਸੋਚ ਰਿਹਾ ਸੀ | ਸਾਹਮਣੇ ਬੈਠੀ ਸੁਰਵੀਨ ਦੀ ਹਾਲਤ ਵੀ ਕੁਝ ਇਸੇ ਤਰ੍ਹਾਂ ਦੀ ਹੀ ਸੀ | ਗੈਰੀ ਸੁਰਵੀਨ ਨੂੰ ਇਕੱਲਾ ਬੈਠਾ ਵੇਖਦਾ ਤੇ ਓਹਦੇ ਕੋਲ ਜਾ ਕੇ ਗੱਲ ਕਰਨੀ ਸ਼ੁਰੂ ਕਰਦਾ |

ਗੈਰੀ - ਸੁਰਵੀਨ , ਕਿਆ ਗੱਲ, ਤੁਸੀ ਪਾਰਟੀ ਵਿਚ ਸ਼ਾਮਿਲ ਨੀ ਹੋਏ ?

ਸੁਰਵੀਨ - ਨਹੀਂ ਸਰ, ਬੱਸ ਐਵੇਂ ਹੀ, ਅਸਲ ਵਿਚ ਮੈਨੂੰ ਪਾਰਟੀ ਵਗੈਰ੍ਹਾ ਵਿਚ ਬਹੁਤਾ ਇੰਟਰਸਟ ਨੀ ਹੈ।

Edit with WPS Office

ਗੈਰੀ - ਕਿਉਂ ?

ਸੁਰਵੀਨ - ਬਸ ਐਵੇਂ ਹੀ ਸਰ | ਮੈਨੂੰ ਇਹ ਸਭ ਚੀਜ਼ਾਂ ਬਹੁਤੀਆਂ ਪਸੰਦ ਨਹੀਂ ਹਨ |

ਗੈਰੀ - ਚਲੋ ਛੱਡੋ, ਇਹ ਖਾਣਾ ਖਾ ਲਿਆ ਤੁਸੀ ?

ਸੁਰਵੀਨ - ਜੀ ਸਰ , ਮੈਂ ਖਾ ਲਿਆ | ਬੱਸ ਮੈਂ ਰਸ਼ਮੀ ( ਸੁਰਵੀਨ ਦੀ ਦੋਸਤ , ਜੀਹਦੇ ਨਾਲ ਓਹਨੇ ਕਮਰਾ ਸ਼ੇਅਰ ਕੀਤਾ ਹੋਇਆ ਸੀ ਘਰ ਛੱਡਣ ਮਗਰੋਂ ) ਨੂੰ ਉਡੀਕਦੀ ਪਈ ਆ| ਘਰ ਜਾ ਕੇ ਮੰਮੀ ਨੂੰ ਫੋਨ ਵੀ ਕਰਨਾ । ( ਓਹ ਓਸ ਵਕਤ ਵੀ ਆਪਣੀ ਮੰਮੀ ਯਾਨੀ ਕੇ ਰਾਣੀ ਨੂੰ ਰੋਜ ਫੋਨ ਕਰਦੀ ਹੁੰਦੀ ਸੀ ਤੇ ਘਰ ਦਾ ਅਤੇ ਆਪਣੀਆਂ ਭੈਣਾਂ ਦਾ ਸਾਰ ਲੈਂਦੀ ਹੁੰਦੀ ਸੀ )

ਇੰਨੇ ਨੂੰ ਰਸ਼ਮੀ ਆਵਾਜ਼ ਮਾਰਦੀ ਆ - ਆਜਾ ਸੁਰਵੀਨ, ਆਪਾ ਡਾਂਸ ਕਰਦੇ ਆ ।

ਸੁਰਵੀਨ - ਨੋ ਨੋ | ਯੂ ਕੈਰੀ ਆਨ| ( ਸੁਰਵੀਨ ਓਹਨੂੰ ਮਨਾ ਕਰ ਦੇਂਦੀ ਹੈ )

ਗੈਰੀ - ਜੇਕਰ ਫੋਨ ਹੀ ਕਰਨਾ ਤਾਂ ਮੇਰੇ ਮੋਬਾਈਲ ਤੋਂ ਕਰ ਲਓ |

ਸੁਰਵੀਨ - ਨਹੀਂ ਸਰ , ਇੱਦਾਂ ਦੀ ਕੋਈ ਗੱਲ ਨੀ ਹੈ | ਬੱਸ ਮੈਂ ਘਰ ਜਾਣਾ ਚਾਹੁੰਦੀ ਹਾਂ । ਤੇ ਇਧਰ ਆ ਲੜਕੀ ਵੀ ਨਾ | ਖੈਰ ਤੁਸੀ ਇਥੇ, ਤੁਸੀ ਖਾਣਾ ਖਾ ਲਿਆ ?

ਗੈਰੀ - ਹਾਂ ਕਦੋਂ ਦਾ | ਬੱਸ ਹੁਣ ਸੋਚਦਾ ਕੇ ਨਿਕਲ ਲਵਾਂ ਹੁਣ ਜਲਦੀ ਜਲਦੀ | ਅਸਲ ਵਿੱਚ ਮੈਨੂੰ ਵੀ ਇਹ ਪਾਰਟੀ ਵਗੈਰ੍ਹਾ ਵਿਚ ਜਿਆਦਾ ਇੰਟਰਸਟ ਨਹੀਂ ਹੈ | ਪਰ ਮੇਰੀ ਡਿਊਟੀ ਹੈ ਕੇ ਇਥੇ ਦੇ ਸਾਰੇ ਇੰਤਜਾਮ ਵੇਖ ਕੇ ਫੇਰ ਘਰ ਨੂੰ ਜਾਵਾਂ |

ਸੁਰਵੀਨ - ਓਕੇ |

ਗੈਰੀ - ਚਲ ਠੀਕ ਹੈ ਸੁਰਵੀਨ, ਤੁਸੀ ਖੜੋ ਤੇ ਮੈਂ ਹੁਣ ਚਲਦਾ ਇਥੋਂ |

ਸੁਰਵੀਨ ਨਾਲ ਗੱਲ ਬਾਤ ਕਰਨ ਉਪਰੰਤ ਗੈਰੀ ਥੋੜਾ ਬਹੁਤ ਕੰਮ ਵੇਖਦਾ ਹੈ ਤੇ ਫੇਰ ਬਾਲਕੋਨੀ ਵਿਚ ਹਵਾ ਲੈਣ ਖੜਾ ਜਾਂਦਾ | ਪਰ ਕੁਝ ਸਮੇਂ ਉਪਰੰਤ ਸੁਰਵੀਨ, ਓਹਦੇ ਕੋਲ ਭੱਜੀ ਭੱਜੀ ਆਉਂਦੀ ਹੈ ਤੇ ਓਹਦੇ ਤੋਂ ਮਦਦ ਮੰਗਦੀ ਹੈ |

ਸੁਰਵੀਨ - ਸਰ, ਇਕ ਮਦਦ ਚਾਹੀਦੀ ਹੈ ਤੁਹਾਡੇ ਤੋ, ਥੋੜ੍ਹਾ ਜਰੂਰੀ ਕੰਮ ਹੈ | ਕਿਆ ਤੁਸੀ ਮੇਰੀ ਮਦਦ ਕਰ ਸਕਦੇ ਹੋ ?

ਗੈਰੀ - ਹਾਂ ਜੀ ਸੁਰਵੀਨ | ਦੱਸੋ ਕਿਆ ਕੰਮ ਹੈ |

ਸੁਰਵੀਨ - ਚਲੋ ਮੇਰੇ ਨਾਲ ਕਾਰ ਪਾਰਕਿੰਗ ਵਿਚ |

ਗੈਰੀ - ਚਲੋ , ਚਲੋ |

Edit with WPS Office

ਸੁਰਵੀਨ ਤੇ ਗੈਰੀ ਨੀਚੇ ਕਾਰ ਪਾਰਕਿੰਗ ਵੱਲ ਆਉਂਦੇ ਨੇ ਤੇ ਸੁਰਵੀਨ ਕਾਰ ਦਾ ਦਰਵਾਜਾ ਖੋਲਦੀ ਹੈ , ਜਿਹਦੇ ਵੇਖਣ ਉਪਰੰਤ ਗੈਰੀ ਦੀ ਹਾਲਤ ਵੀ ਖਰਾਬ ਹੋਣ ਲਗਦੀ ਹੈ |

ਗੈਰੀ ਸੁਰਵੀਨ ਨੂੰ ਕਹਿੰਦਾ , "ਆਹ ਸਭ ਕੀ ਹੈ ? "

ਸੁਰਵੀਨ - ਮੇਰੀ ਦੋਸਤ ਕਾਜਲ ਨੇ ਡਰਿੰਕ ਕਰ ਲਈ ਉਪਰ ਪਾਰਟੀ ਵਿਚ , ਤੇ ਹੁਣ ਇਹ ਇਸ ਹਾਲਾਤ ਵਿਚ ਨਹੀਂ ਕੇ ਗੱਡੀ ਚਲਾ ਕੇ ਆਪਣੇ ਅਪਾਰਟਮੇਂਟ ਤਕ ਜਾ ਪਾਈਏ | ਉਪਰ ਪਾਰਟੀ ਹਾਲ ਵਿਚ ਇਹ ਗੱਲ ਮੈਨੂੰ ਹੋਰਾਂ ਨੂੰ ਦੱਸਣੀ ਥੋੜੀ ਅਜੀਬ ਲੱਗੀ ਤਾਂ ਮੈਂ ਤੁਹਾਨੂੰ ਬੁਲਾਇਆ | ਔਖੇ ਸੌਖੇ ਮੈਂ ਲਿਫਟ ਰਾਹੀਂ ਇਹਨੂੰ ਨੀਚੇ ਤਾਂ ਲੈਅ ਆਈ ਹਾਂ, ਪਰ ਹੁਣ ਮੈਨੂੰ ਕਾਰ ਚਲਾਉਣੀ ਨਹੀਂ ਆਉਂਦੀ | ਕਿਆ ਤੁਸੀ ਕਾਰ ਡਰਾਈਵ ਕਰਕੇ ਸਾਨੂੰ ਦੋਹਾਂ ਨੂੰ ਸਾਡੇ ਅਪਾਰਟਮੇਂਟ ਤਕ ਛੱਡ ਸਕਦੇ ਹੋ ?

ਗੈਰੀ ਪਹਿਲਾ ਤਾਂ ਵੇਖਦਾ ਕੇ ਇਹ ਸਭ ਕੁਝ ਗ਼ਲਤ ਨਾ ਹੋਵੇ , ਪਰ ਸੁਰਵੀਨ ਸੀ ਤਾਂ ਓਹਦੀ ਟੀਮ ਦੀ ਮੈਂਬਰ ਹੀ ਤਾਂ ਓਹਨੇ ਸੋਚਿਆ ਕਿ ਚਲੋ ਔਖੇ ਵਕਤ ਇਹਦਾ ਸਾਥ ਦੇ ਹੀ ਦੇਣਾ ਚਾਹੀਦਾ |

ਗੈਰੀ ਕਾਰ ਦੀ ਚਾਬੀ ਮੰਗਦਾ ਹੈ ਅਤੇ ਖੁਦ ਕਾਰ ਚਲਾ ਕੇ ਓਹਨਾਂ ਦੋਹਾਂ ਨੂੰ ਓਹਨਾਂ ਦੇ ਘਰ ਤਕ ਛੱਡ ਕਰ ਆਉਂਦਾ | ਫੇਰ ਓਹ ਓਹਨਾਂ ਨੂੰ ਲਿਫਟ ਤਕ ਪਹੁੰਚਾ ਦਿੰਦਾ ਹੈ ਤੇ ਚਾਬੀ ਸੁਰਵੀਨ ਨੂੰ ਫੜਾ ਕੇ ਓਥੋਂ ਨਿਕਲਣ ਲਗਦਾ ਹੈ |

ਸੁਰਵੀਨ ਓਹਨੂੰ ਕਹਿੰਦੀ ਵੀ ਰਹੀ ਸੀ ਕੇ ਓਹ ਓਹਨਾਂ ਦੇ ਨਾਲ ਓਹਨਾਂ ਦੇ ਰੂਮ ਤਕ ਚੱਲੇ ਪਰ ਗੈਰੀ ਨੂੰ ਮੌਕੇ ਦੀ ਨਜਾਕਤ ਨੂੰ ਸਮਝਦੇ ਹੋਏ ਓਥੋਂ ਨਿਕਲਣਾ ਹੀ ਸਹੀ ਲੱਗਿਆ | ਉਂਝ ਓਹ ਕੇਹ ਆਇਆ ਸੀ ਕੇ ਜੇਕਰ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਫੋਨ ਜ਼ਰੂਰ ਕਰ ਦੇਣਾ , ਓਹਦਾ ਨੰਬਰ ਕੰਪਨੀ ਦੇ ਟੀਮ ਗਰੁੱਪ ਵਿਚ ਪਿਆ ਹੋਇਆ ਹੈ |

ਬਾਕੀ ਹੁਣ ਓਹ ਬਾਹਰ ਤਾਂ ਆ ਗਿਆ , ਪਰ ਹੁਣ ਓਹ ਇਸ ਸੋਚ ਵਿਚ ਸੀ ਕੇ ਆਪਣੇ ਅਪਾਰਟਮੇਂਟ ਤੱਕ ਕਿਵੇਂ ਪਹੁੰਚੇ ? ਰਾਤ ਦਾ ਵਕ਼ਤ ਸੀ ਤੇ ਓਹ ਇਕੱਲਾ | ਇਕ ਜਿੰਮੇਦਾਰ ਇਨਸਾਨ ਹੋਣ ਦੇ ਨਾਤੇ ਓਹਨੇ ਦੋਹੇਂ ਕੁੜੀਆਂ ਨੂੰ ਓਹਨਾ ਘਰ ਛੱਡ ਤਾਂ ਦਿੱਤਾ ਪਰ ਹੁਣ ਆਪਣੇ ਘਰ ਓਹ ਕਿਵੇਂ ਜਾਵੇ ? ਵਾਪਸੀ ਦੇ ਗੱਡੀ ਦੀ ਚਾਬੀ ਵੀ ਓਹਨੇ ਸੁਰਵੀਨ ਨੂੰ ਫੜਾ ਦਿੱਤੀ ਸੀ , ਪਰ ਹੁਣ ਅੱਗੇ ?

ਫੇਰ ਓਹਨੇ ਤੁਰ ਕੇ ਆਪਣਾ ਸਫ਼ਰ ਤੈਅ ਕਰਨਾ ਸ਼ੁਰੂ ਕੀਤਾ | ਓਹਨੂੰ ਆਸ ਸੀ ਕੇ ਰਸਤੇ ਵਿਚ ਤੁਰਦੇ ਹੋਏ ਓਹਨੂੰ ਕੋਈ ਆਟੋ ਜਾ ਰਿਕਸ਼ਾ ਮਿਲ ਹੀ ਜਾਵੇਗਾ | ਪਰ ਹੋਇਆ ਇਹਦੇ ਉਲਟ ਹੀ | ਓਹਨੂੰ ਰਾਤ ਦੇ ਵਕਤ ਕੋਈ ਵੀ ਸਾਧਨ ਨਹੀਂ ਸੀ ਮਿਲਿਆ |

ਅੰਤ ਓਹ ਥੱਕਿਆ ਹਾਰਿਆ ਤੁਰਿਆ ਜਾ ਰਿਹਾ ਸੀ ਤਾਂ ਅਚਾਨਕ ਓਹਦੇ ਕੰਨੀ ਕਿਸੇ ਪੰਜਾਬੀ ਗੀਤ ਦੇ ਬੋਲ ਪੈਂਦੇ ਨੇ | ਪਹਿਲਾਂ ਤਾਂ ਓਹਨੇ ਸੋਚਿਆ ਕੇ ਕਿਸੇ ਦੇ ਨੇੜਲੇ ਘਰ ਤੋਂ ਆਉਂਦੇ ਹੋਣਗੇ ਪਰ ਜਿਵੇਂ ਜਿਵੇਂ ਓਹ ਤੁਰਦਾ ਜਾਵੇ , ਓਹਨੂੰ ਅਹਿਸਾਸ ਹੋਇਆ ਕੇ ਨੇੜੇ ਹੀ ਕੋਈ ਦੁਕਾਨ ਖੁੱਲੀ ਹੈ ਤੇ ਓਹ ਕਿਸੇ ਮਕੈਨਿਕ ਦੀ ਹੈ ਕਿਉਂਕਿ ਗੀਤਾਂ ਦੇ ਨਾਲ ਨਾਲ ਔਜਾਰਾਂ ਦੀਆਂ ਅਵਾਜਾਂ ਵੀ ਨਾਲ ਆ ਰਹੀਆਂ ਸਨ | ਗੈਰੀ ਨੇ ਸੋਚਿਆ ਕੇ ਆਪਣੇ ਅਪਾਰਟਮੇਂਟ ਤੱਕ ਪਹੁੰਚਣ ਲਈ ਸ਼ਾਇਦ ਇਥੋਂ ਕੁਝ ਮਦਦ ਲਿਤੀ ਜਾ ਸਕਦੀ ਹੈ |


Edit with WPS Office

ਓਹ ਤੁਰਦੇ ਤੁਰਦੇ ਓਥੇ ਪਹੁੰਚਿਆ ਅਤੇ ਓਸ ਇਨਸਾਨ ਤੋਂ ਮਦਦ ਮੰਗਣ ਲਈ ਅੱਗੇ ਗੱਲ ਕਰੀ |

ਗੈਰੀ - ਸੁਣਿਓ ਵੀਰ ਜੀ ?

ਮਕੈਨਿਕ - ਜੀ ਹਾਂਜੀ ਵੀਰ ਜੀ | ਕੋਈ ਗੱਡੀ ਗੁੱਡੀ ਦਾ ਕੰਮ ਕਰਵਾਉਣਾ ? ਦੱਸੋ ਮੈਨੂੰ |

ਗੈਰੀ - ਨਹੀਂ ਵੀਰ ਜੀ ਤੁਸੀ ਗਲਤ ਸਮਝੇ | ਮੈਂ ਇਥੇ |

ਮਕੈਨਿਕ - ਅੱਛਾ ਅੱਛਾ , ਰਸਤੇ ਵਿਚ ਕਿਧਰੇ ਤੁਹਾਡੀ ਗੱਡੀ ਬੰਦ ਹੋ ਗਈ | ਕੋਈ ਗੱਲ ਨੀ , ਆਪਾ ਚੱਲ ਕੇ ਵੇਖ ਲੈਂਦੇ ਹਾਂ |

ਗੈਰੀ - ਨਹੀਂ ਵੀਰੇ | ਅਜਿਹਾ ਕੁਝ ਨਹੀਂ ਹੈ | ਓਹ ਅਸਲ ਵਿਚ ਰਾਤ ਬਹੁਤ ਹੋ ਗਈ ਹੈ | ਕਿਆ ਮੈਨੂੰ ਇਸ ਵਕ਼ਤ ਕੋਈ ਆਟੋ ਜਾ ਰਿਕਸ਼ਾ ਮਿਲ ਸਕਦਾ | ਮੇਰਾ ਘਰ ਇਥੋਂ ਥੋੜੀ ਦੂਰੀ ਤੇ ਹੈ | ਤਾਂ ਮੈਂ ਪੁੱਛਿਆ ਸੀ ਤੁਹਾਨੂੰ |

ਮਕੈਨਿਕ - ਅੱਛਾ | ਇਸ ਵਕ਼ਤ ਤਾਂ ਔਖਾ ਵੀਰੇ | ਕਿਥੇ ਹੈ ਘਰ ਤੁਹਾਡਾ ?

ਗੈਰੀ ਨੇ ਆਪਣਾ ਪਤਾ ਓਹਦੇ ਨਾਲ ਸਾਂਝਾ ਕੀਤਾ |

ਮਕੈਨਿਕ - ਅੱਛਾ | ਓਥੇ ਤਕ ਤਾਂ ਪਹੁੰਚਣਾ ਔਖਾ | ਪਰ ਚਲ ਕੋਈ ਗੱਲ ਨਹੀਂ | ਤੁਸੀ ਥੋੜੀ ਉਡੀਕ ਕਰੋ , ਮੇਰਾ ਬੱਸ ਇਹ ਥੋੜਾ ਜੇਹਾ ਕੰਮ ਬਾਕੀ ਹੈ | ਹੱਦ 15 ਮਿੰਟ ਲਗਣੇ ਮੈਨੂੰ | ਮੈਂ ਤੁਹਾਨੂੰ ਛੱਡ ਆਉਂਦਾ |

ਗੈਰੀ - ਓਹ ਨਹੀਂ ਨਹੀਂ ਵੀਰੇ | ਤੁਸੀ ਕਿਉਂ ਖੇਚਲ ਵਿਚ ਪੈਂਦੇ | ਕੋਈ ਨਾ ਮੈ ਤੁਰ ਕੇ ਚਲੇ ਜਾਂਦਾ |

ਮਕੈਨਿਕ - ਇਕ ਤੁਸੀ ਮੈਨੂੰ ਵੀਰ ਵੀ ਬੋਲਦੇ ਪਏ ਹੋ ਉਪਰੋਂ ਸੰਘਦੇ ਵੀ ਪਏ , ਇਹ ਤਾਂ ਕੋਈ ਗੱਲ ਨਾ ਬਣੀ | ਮੈਂ ਵੀ ਤੁਹਾਡੇ ਵਾਂਗ ਪੰਜਾਬੀ ਹੀ ਹਾਂ | ਕੋਈ ਨਾ ਇਕ ਪੰਜਾਬੀ ਦੂਸਰੇ ਪੰਜਾਬੀ ਦੇ ਕੰਮ ਤਾਂ ਆ ਹੀ ਸਕਦਾ | ਕੋਈ ਨਾ ਮੇਰਾ ਘਰ ਓਸੇ ਰਸਤੇ ਵਿਚ ਹੀ ਪੈਂਦਾ ਹੈ , ਤੁਹਾਡਾ ਘਰ ਲਗਭਗ 4 ਕਿਲੋਮੀਟਰ ਅੱਗੇ ਹੋਣਾ | ਫ਼ਿਕਰ ਨਾ ਕਰੋ ਮੈਂ ਛੱਡ ਆਵਾਂਗਾ |

ਗੈਰੀ - ਠੀਕ ਹੈ ਵੀਰੇ |

ਇਹਦੇ ਬਾਅਦ ਮਕੈਨਿਕ ਅਪਣਾ ਕੰਮ ਖਤਮ ਕਰਨ ਵਿਚ ਰੁੱਝ ਜਾਂਦਾ | ਇਹਦੇ ਬਾਅਦ ਓਹ ਕੰਮ ਖਤਮ ਕਰਦਾ ਹੈ ਤੇ ਗੈਰੀ ਓਹਦੇ ਨਾਲ ਸਕੂਟਰ ਤੇ ਬੈਠ ਚਲ ਪੈਂਦਾ |

ਮਕੈਨਿਕ - ਤੁਸੀ ਕਿਥੇ ਕੰਮ ਕਰਦੇ ਹੋ ਵੀਰੇ ?

ਗੈਰੀ ਓਹਨੂੰ ਦਸਦਾ ਕੇ ਓਹ ਕਿਸ ਕੰਪਨੀ ਵਿਚ ਕੰਮ ਕਰਦਾ | ਰਸਤੇ ਵਿਚ ਮਕੈਨਿਕ ਓਹਨੂੰ ਦਸਦਾ ਕੇ ਓਹ ਸਾਹਮਣੇ ਮੋਹਲੇ ਦੀ ਪਹਿਲੀ ਕੋਠੀ ਵਿਚ ਓਹਦਾ ਘਰ ਹੈ , ਜੇਕਰ ਕਦੇ ਕੋਈ ਵੀ ਕੰਮ ਹੋਵੇ ਤਾਂ ਓਹ ਇਥੇ ਆ ਕੇ ਪੁੱਛ ਸਕਦਾ ਓਹਦੇ ਬਾਰੇ | ਓਹ ਗੈਰੀ ਨੂੰ ਅਪਣਾ ਅਸਲ ਨਾਮ ਵੀ ਦਸਦਾ ਅਤੇ ਓਹਨੂੰ ਓਹਦੇ ਘਰ ਦੇ ਕੋਲ ਵੀ ਛੱਡ ਕੇ ਆਉਂਦਾ ਹੈ |


Edit with WPS Office

ਗੈਰੀ - ਵੀਰੇ , ਇਹ ਮੇਰੀ ਬਿਲਡਿੰਗ ਹੈ ਤੇ ਅਪਾਰਟਮੇਂਟ ਉਪਰ ਤੀਜੀ ਮੰਜਿਲ ਤੇ ਹੈ | ਤੁਸੀ ਮੈਨੂੰ ਇਥੇ ਤੱਕ ਪਹੁੰਚਾਇਆ ਹੈ , ਤੁਹਾਡਾ ਬਹੁਤ ਬਹੁਤ ਧੰਨਵਾਦ ਵੀਰੇ | ਅਜੇ ਤੁਸੀ ਉਪਰ ਆ ਕੇ ਚਾਹ ਪੀ ਲਓ |

ਮਕੈਨਿਕ - ਓਹ ਨਹੀਂ ਵੀਰੇ , ਫੇਰ ਕਦੇ , ਦੇਰ ਬਹੁਤ ਹੋ ਗਈ ਤੇ ਮੈਨੂੰ ਘਰ ਵੀ ਚਲਣਾ ਚਾਈਦਾ |

ਗੈਰੀ - ਠੀਕ ਹੈ ਵੀਰੇ , ਤੁਹਾਡੀ ਕੋਈ ਸੇਵਾ |

ਮਕੈਨਿਕ - ਓਹ ਨਹੀਂ ਨਹੀਂ ਵੀਰੇ | ਕੋਈ ਲੋੜ ਨਹੀਂ | ਤੁਸੀ ਜਾਓ ਤੇ ਆਰਾਮ ਕਰੋ |

ਗੈਰੀ ਨੇ ਓਹਦੇ ਤੋਂ ਵਿਦਾ ਲਈ ਤੇ ਉਪਰ ਆਪਣੇ ਅਪਾਰਟਮੇਂਟ ਵਿਚ ਆ ਕੇ ਸੁਰਵੀਨ ਤੇ ਓਹਦੀ ਦੋਸਤ ਬਾਰੇ ਸੋਚਣ ਲਗਦਾ | ਸਾਰੀ ਰਾਤ ਓਹਦੇ ਮੰਨ ਵਿਚ ਸੁਰਵੀਨ ਬਾਰੇ ਖਿਆਲ ਆਉਂਦੇ ਰਹੇ | ਓਹਨੇ ਸੋਚਿਆ ਵੀ ਸੀ ਕੇ ਓਹ ਸੁਰਵੀਨ ਦਾ ਨੰਬਰ ਕਢ ਕੇ ਓਹਨੂੰ ਫੋਨ ਕਰੇ ਪਰ ਅਜਿਹਾ ਕਰਨਾ ਓਹਨੂੰ ਸਹੀ ਨਹੀਂ ਲਗਦਾ |

ਅਗਲੀ ਸਵੇਰ ਹੋਈ ਤੇ ਗੈਰੀ ਹਮੇਸ਼ਾ ਦੀ ਤਰ੍ਹਾਂ ਕੰਮ ਤੇ ਪੁੱਜਾ | ਓਹਨੇ ਆਪਣੇ ਆਪ ਨੂੰ ਕੰਮ ਵਿਚ ਵਿਅਸਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਪਿਛਲੀ ਰਾਤ ਵਾਲਾ ਸਾਰਾ ਘਟਨਾਕ੍ਰਮ ਹਾਲੇ ਵੀ ਕਿਤੇ ਨਾ ਕਿਤੇ ਓਹਦੇ ਦਿਮਾਗ ਵਿਚ ਘੁੰਮ ਰਿਹਾ ਸੀ | ਪਰ ਓਹਨੇ ਨਜਰਅੰਦਾਜ ਕਰਨਾ ਸਹੀ ਸਮਝਿਆ ਤੇ ਮੁੜ ਕੰਮ ਤੇ ਲੱਗਿਆ | ਓਹਨੇ ਇਕ ਵਰਕਰ ਨੂੰ ਆਵਾਜ਼ ਲਗਾਈ ਤੇ ਚਲ ਰਹੇ ਸਾਰੇ ਪ੍ਰੋਜੈਕਟਾਂ ਦੀਆਂ ਫਾਇਲਾ ਆਪਣੀ ਮੇਜ ਤੇ ਮੰਗਵਾਈਆਂ |

ਪਰ ਫੇਰ ਇੰਨੇ ਨੂੰ ਓਹਨੇ ਸੁਰਵੀਨ ਨੂੰ ਆਫਿਸ ਵਿਚ ਆਉਂਦਾ ਵੇਖਿਆ | ਮੰਨ ਵਿਚ ਆਇਆ ਕੇ ਓਹ ਓਹਦੇ ਕੋਲ ਜਾਵੇ ਤੇ ਕੋਈ ਗੱਲ ਕਰੇ | ਪਰ ਉਧਰ ਸੁਰਵੀਨ ਆਫਿਸ ਆਉਂਦਿਆ ਸਾਰ ਹੀ ਬਿਨਾਂ ਝਿਜਕ ਤੋਂ ਸਿੱਧਾ ਗੈਰੀ ਦੇ ਕੈਬਿਨ ਵਿਚ ਆਪਣੇ ਆਪ ਹੀ ਪਹੁੰਚ ਗਈ |

ਸੁਰਵੀਨ - ਮੇ ਆਈ ਕਮ ਇਨ ਸਰ ?

ਗੈਰੀ - ਯ ਸੁਰਵੀਨ , ਪਲੀਜ ਕਮ ਇਨ |

ਸੁਰਵੀਨ - ਥੀਂਕ ਯੂ ਸਰ |

ਗੈਰੀ - ਇਟਸ ਓਕੇ| ਲੇਟਸ ਹਵ ਆ ਸੀਟ |

ਸੁਰਵੀਨ - ਥੇਂਕ ਯੂ ਸਰ|

ਗੈਰੀ - ਯਾ, ਹੁਣ ਦੱਸੋ | ਠੀਕ ਓ ਹੁਣ ਤੁਸੀ ? ਤੁਹਾਡੀ ਦੋਸਤ ਦਾ ਕੀ ਹਾਲ ਹੈ ?

ਸੁਰਵੀਨ - ਵਧੀਆ ਸਰ | ਓਹ ਵੀ ਠੀਕ ਹੈ ਹੁਣ ਤਾਂ | ਸਵੇਰੇ ਜਾਗਦੇ ਹੀ ਮੈਂ ਓਹਨੂੰ ਬਹੁਤ ਸਮਝਾਇਆ , ਕੇ ਇੱਦਾਂ ਨੀ ਕਰੀਦਾ ਹੁੰਦਾ | ਤੁਹਾਡੇ ਬਾਰੇ ਵੀ ਦੱਸਿਆ ਕੇ ਤੁਸੀ ਕਿਸ ਹਾਲਤ ਵਿਚ ਸਾਡੇ ਦੋਹਾਂ ਨੂੰ ਘਰ ਤੱਕ ਛੱਡ ਕੇ ਗਏ ਨੇ |

ਗੈਰੀ - ਕੋਈ ਗੱਲ ਨਹੀਂ | ਰੱਬ ਦਾ ਸ਼ੁਕਰ ਹੈ | ਹੋਰ ਕੁਝ , ਕੁਛ ਕਹਿਣਾ ਤੁਸੀ ?

Edit with WPS Office

ਸੁਰਵੀਨ - ਜੀ ਸਰ , ਕਲ ਰਾਤ ਲਈ ਮੁੜ ਸ਼ੁਕਰੀਆ ਤੁਹਾਡਾ ਬਹੁਤ ਬਹੁਤ |

ਗੈਰੀ - ਸ਼ੁਕਰੀਆ ਕਾਹਦਾ | ਇਹ ਮੇਰਾ ਫਰਜ਼ ਸੀ | ਖੈਰ ਅੱਗੇ ਤੋਂ ਧਿਆਨ ਰੱਖੋ | ਤੇ ਮੇਰੇ ਹਿਸਾਬ ਨਾਲ ਤੁਹਾਨੂੰ ਡਰਾਈਵਿੰਗ ਸਿਖ ਲੈਣੀ ਚਾਹੀਦੀ | ਹਾਂ ਹਾਂ |

ਸੁਰਵੀਨ - ਹਾਂ ਹਾਂ | ਹਾਂਜੀ ਸਰ ਹੁਣ ਜਰੂਰ ਸਿਖੰਗੀ। ਮੈਨੂੰ ਤੁਸੀ ਇਕ ਗੱਲ ਦੱਸੋ |

ਸੁਰਵੀਨ - ਤੁਸੀ ਰਾਤ ਆਪਣੇ ਘਰ ਗਏ ਕਿਵੇਂ ?

ਗੈਰੀ - ਜਾਣਾ ਕਿਵੇ ਸੀ | ਮੈਂ ਰਿਕਸ਼ਾ ਲਿਆ ਤੇ ਘਰ ਪਹੁੰਚ ਗਿਆ |

ਸੁਰਵੀਨ - ਓਹ ਹ||| ਆਈ ਅਮ ਸਾਰੀ ਸਰ | ਮੇਰੀ ਤੇ ਮੇਰੀ ਦੋਸਤ ਦੀ ਵਜਹ ਕਰਕੇ ਤੁਹਾਨੂੰ ਬਹੁਤ ਝੇਲਨਾ ਪਿਆ ਰਾਤ |

ਗੈਰੀ - ਕੋਈ ਗੱਲ ਨੀ |

ਸੁਰਵੀਨ - ਤੁਸੀ ਕਿੱਥੇ ਦੇ ਹੋ ?

ਗੈਰੀ - ਮੈਂ ਪਠਾਨਕੋਟ ਪੰਜਾਬ ਤੋਂ ਹਾਂ | ਤੇ ਤੁਸੀ ਸ਼ਾਯਦ ਇਥੇ ਦੇ ਹੀ ਹੋ। ਪਰ ਫੇਰ ਵੀ ਪੰਜਾਬੀ ਬਿਲਕੁਲ ਠੀਕ ਹੈ ਤੁਹਾਡੀ ।

ਸੁਰਵੀਨ - ਹਾਂਜੀ ਸਰ , ਪਰ ਤੁਹਾਨੂੰ ਕਿਵੇਂ ਪਤਾ |

ਗੈਰੀ - ਓਹ ਜਦ ਰਾਤ ਗੱਡੀ ਡਰਾਈਵ ਕਰ ਰਿਹਾ ਸੀ ਤੇ ਤੁਹਾਡਾ ID ਕਾਰਡ ਗੱਡੀ ਵਿੱਚ ਹੀ ਰਹਿ ਗਿਆ ਸੀ| ਮੈਂ ਲਿਫਟ ਦੇ ਨੇੜੇ ਹੋ ਕੇ ਫੜਾਉਣ ਵੀ ਲੱਗਿਆ ਸੀ , ਪਰ ਤੁਸੀ ਓਸ ਵਕ਼ਤ ਆਪਣੀ ਦੋਸਤ ਨੂੰ ਸਾਂਭਦੇ ਪਏ ਸੀ | ਇਹਦੇ ਬਾਅਦ ਮੈਂ ਸੋਚਿਆ ਵੀ ਕੇ ਤੁਹਾਨੂੰ ਦੇ ਆਵਾਂ, ਪਰ ਫੇਰ ਮੈਨੂੰ ਮੁੜ ਉਪਰ ਆਉਣਾ ਪੈਂਦਾ ਤਾਂ ਮੈਂ ਸੋਚਿਆ ਕੇ ਦਿਨ ਆਫਿਸ ਵਿਚ ਹੀ ਦੇ ਦੇਵਾਂਗਾ ਤੁਹਾਨੂੰ |

ਸੁਰਵੀਨ - ਥੇਕਸ ਸਰ, ਪਰ ਓਹ ਹੈ ਕਿੱਥੇ ?

ਗੈਰੀ - ਕਿ ਓਹ ਕਾਰਡ ਓਹ ਤਾਂ ਰੀਸੈਪਸ਼ਨ ਤੇ ਜਮਾਂ ਕਰਵਾ ਦਿੱਤਾ ਸੀ ਅੱਜ ਸਵੇਰੇ ਆਉਂਦਿਆ | ਤੁਸੀ ਓਥੋਂ ਹੀ ਫੜ ਲੈਣਾ |

ਸੁਰਵੀਨ - ਠੀਕ ਹੈ ਸਰ | ਪਰ ਮੈਨੂੰ ਇਕ ਹੋਰ ਕੰਮ ਵੀ ਸੀ |

ਗੈਰੀ - ਹੁਣ ਇਸ ਵਕ਼ਤ , ਹੁਣ ਕੀ ?

ਸੁਰਵੀਨ - ਕਿਆ ਤੁਸੀ ਦੋਪਹਰ ਦਾ ਲੰਚ ਮੇਰੇ ਨਾਲ ਕਰੋਗੇ ? ਇਹ ਮੇਰੇ ਵਲੋਂ ਹੈ | ਰਾਤ ਲਈ ਮੈਂ ਸੋਚਿਆ ਕੇ ਕਿਵੇਂ ਤੁਹਾਡਾ ਸ਼ੁਕਰੀਆ ਅਦਾ ਕੀਤਾ ਜਾਵੇ ?

ਗੈਰੀ - ਕੋਈ ਗਲ ਨੀ , ਪਰ ਇਹਦੀ ਕੋਈ ਲੋੜ ਹੀ ਨਹੀਂ ਹੈ |

Edit with WPS Office

ਸੁਰਵੀਨ - ਪਲੀਜ ਸਰ | ਆਈ ਰੇਕੁਸਟ ਸਰ| ਪਲੀਜ |

ਗੈਰੀ - ਓਕੇ | ਮੈਂ ਆ ਜਾਵਾਂਗਾ | ਬਾਹਰ ਕੈਂਟੀਨ ਵਿਚ ਹੀ ਹੈ ਨਾ ?

ਸੁਰਵੀਨ - ਜੀ ਸਰ |

ਏਹਦੇ ਬਾਅਦ ਸ਼ੁਰੂ ਹੋਈ ਇਹਨਾਂ ਦੋਹਾਂ ਦੀ ਕਹਾਣੀ | ਗੈਰੀ ਤੇ ਸੁਰਵੀਨ ਦੀ | ਸੁਰਵੀਨ ਨੇ ਓਹਨੂੰ ਦਸਿਆ ਕਿ ਓਹਦੇ ਪਿਤਾ ਜੀ ਕੁਝ ਵਕਤ ਪਹਿਲਾ ਹੀ ਅਕਾਲ ਚਲਾਣਾ ਕਰ ਗਏ ਸਨ | ਪਰ ਆਪਣੇ ਘਰ ਬਾਰੇ ਤੇ ਸਾਰੇ ਘਟਨਾ ਕ੍ਰਮ ਬਾਰੇ ਓਹ ਬੇਚਾਰੀ ਕਿਆ ਦਸਦੀ। ਪਰ ਓਹਨੇ ਇੰਨਾ ਕਹਿ ਕੇ ਓਹ ਇਥੇ ਆਪਣੇ ਰਿਸਤੇਦਾਰਾ ਦੇ ਘਰ ਹੀ ਜੰਮੀ ਪਲੀ ਹੈ ਤੇ ਕੁਝ ਰਿਸ਼ਤੇਦਾਰ ਇਥੇ ਹੀ ਨੇ। ਕਦੇ ਕਦੇ ਓਹਨਾ ਨੂੰ ਵਕ਼ਤ ਕਢ ਕੇ ਮਿਲ ਆਉਂਦੀ ਹੈ। ਇਹਦੇ ਇਲਾਵਾ ਓਹਦੇ ਰਹਿਣ ਸਹਿਣ ਦੀ ਸਾਰੀ ਜਿੰਮੇਰੀਵਾਰੀ ਓਹਦੇ ਇਕੱਲਿਆ ਮੋਢੇ ਤੇ ਹੀ ਹੈ। ਨੌਕਰੀ ਉਪਰੰਤ ਓਹ ਇਹੀ ਚਾਹੁੰਦੀ ਹੈ ਕੇ ਆਪਣੀ ਜਿੰਦਗੀ ਸਥਿਰ ਕਰੇ ਤੇ ਜਿੰਦਗੀ ਵਿੱਚ ਅੱਗੇ ਵਧੇ ।

ਏਸੇ ਤਰ੍ਹਾਂ ਓਹਨਾ ਦੋਹਾਂ ਦਾ ਮੁਲਾਕਾਤਾਂ ਦਾ ਦੌਰ ਚਲਦਾ ਰਿਹਾ ਤੇ ਕਦ ਦੋਨਾਂ ਵਿਚ ਬੇਪਨਾਹ ਪਿਆਰ ਹੋ ਗਿਆ , ਓਹਨਾਂ ਦੋਹਾਂ ਨੂੰ ਹੀ ਨਹੀਂ ਸੀ ਪਤਾ ਚਲਿਆ |

ਗੈਰੀ ਦੇ ਮਾਪੇ ਓਹਦੇ ਲਈ ਰਿਸ਼ਤਾ ਲਭਦੇ ਪਏ ਸਨ ਅਤੇ ਇਥੇ ਗੈਰੀ ਹੁਣ ਰਿਸ਼ਨੇ ਤੋਂ ਜਵਾਬ ਦੇਣ ਲਗ ਪਿਆ | ਓਹਨੇ ਇਕ ਦਿਨ ਹਿੰਮਤ ਕਰਕੇ ਸੁਰਵੀਨ ਨੂੰ ਪੁੱਛ ਹੀ ਲਿਆ ਕੇ ਓਹ ਓਹਦੇ ਨਾਲ ਵਿਆਹ ਕਰਵਾਏਗੀ | ਸੁਰਵੀਨ ਓਸ ਦਿਨ ਬਹੁਤ ਜਿਆਦਾ ਖੁਸ਼ ਸੀ | ਓਹ ਵੀ ਚਾਹੁੰਦੀ ਸੀ ਕੇ ਗੈਰੀ ਓਹਦੇ ਨਾਲ ਵਿਆਹ ਕਰੇ । ਓਹ ਗੈਰੀ ਦੀ ਇਮਾਨਦਾਰੀ ਤੇ ਸਾਦਗੀ ਤੋਂ ਬਹੁਤ ਪ੍ਰਭਾਵਿਤ ਸੀ। ਪਰ ਓਸ ਵਕਤ ਗੈਰੀ ਦੇ ਮਾਪੇ ਇਸ ਰਿਸ਼ਤੇ ਤੋਂ ਖੁਸ਼ ਨਹੀਂ ਸਨ | ਓਹ ਚਾਹੁੰਦੇ ਸਨ ਕੇ ਗੈਰੀ ਦਾ ਵਿਆਹ ਓਹ ਆਪਣੀ ਬਿਰਾਦਰੀ ਦੀ ਕੁੜੀ ਨਾਲ ਹੀ ਹੋਵੇ | ਪਰ ਗੈਰੀ ਇਸ ਸਭ ਤੋਂ ਉਪਰ ਦੀ ਸੋਚ ਰੱਖਦਾ ਸੀ | ਓਹਨੇ ਹਿੰਮਤ ਕਰਕੇ ਮਾਪਿਆ ਨੂੰ ਸੁਰਵੀਨ ਬਾਰੇ ਸਾਰਾ ਕੁਝ ਦਸਿਆ | ਨਾਲ ਇਹ ਵੀ ਦੱਸਿਆ ਕੇ ਓਹ ਅਨਾਥ ਕੁੜੀ ਹੈ ਅਤੇ ਓਹਦੇ ਘਰ ਵਿਚ ਕੋਈ ਵੀ ਨਹੀਂ ਹੈ।ਪਹਿਲਾ ਤਾਂ ਓਹਦੇ ਮਾਪਿਆ ਨੇ ਸਾਫ ਇਨਕਾਰ ਹੀ ਕਰ ਦਿੱਤਾ, ਪਰ ਆਪਣੇ ਲਾਇਕ ਪੁੱਤਰ ਦੀ ਖੁਸ਼ੀ ਤੋਂ ਉਪਰ ਕੁਝ ਨਹੀਂ ਸੀ |

ਅਖੀਰ ਓਹ ਦਿਨ ਆਇਆ ਜਦੋਂ ਗੈਰੀ ਸੁਰਵੀਨ ਨੂੰ ਆਪਣੇ ਨਾਲ ਲੈਅ ਕੇ ਆਪਣੇ ਪਿੰਡ ਪਰਤਿਆ ਤੇ ਆਪਣੇ ਮਾਪਿਆ ਨਾਲ ਸੁਰਵੀਨ ਦੀ ਭੇਂਟ ਕਾਰਵਾਈ | ਹੌਲੀ ਹੌਲੀ ਹੀ ਸਹੀ , ਪਰ ਗੈਰੀ ਦੀ ਪਸੰਦ ਓਹਨਾਂ ਨੂੰ ਵੀ ਪਸੰਦ ਆ ਗਈ |

ਸੁਰਵੀਨ ਨੇ ਵੀ ਕਈ ਵਾਰ ਸੋਚਿਆ ਕੇ ਓਹ ਆਪਣੀ ਬੇਬੇ ਤੇ ਭੈਣਾਂ ਨੂੰ ਗੈਰੀ ਨਾਲ ਮਿਲਾਵਾ ਦੇਵੇ | ਪਰ ਓਹ ਡਰਦੀ ਰਹੀ ਆਪਣੇ ਅਤੀਤ ਤੋਂ। ਓਹਨੂੰ ਇਸ ਗੱਲ ਦਾ ਵੀ ਡਰ ਸੀ ਕੇ ਕਿਧਰੇ ਓਹਦੀ ਸਾਰੀ ਸੱਚਾਈ ਸੁਣ ਕੇ ਗੈਰੀ ਤੇ ਓਹਦੇ ਮਾਪੇ ਨਾ ਹੀ ਨਾ ਕਰ ਦੇਣ । ਓਹ ਸਭ ਕੁਝ ਪਿੱਛੇ ਛੱਡ ਕੇ ਅੱਗੇ ਵੱਲ ਨੂੰ ਵਧਣਾ ਚਾਹੁੰਦੀ ਸੀ | ਇਸ ਤਰ੍ਹਾਂ ਰਿਸ਼ਤੇ ਦੀ ਗੱਲ ਵੀ ਤੁਰੀ ਤੇ ਦੋਨਾਂ ਦਾ ਵਿਆਹ ਵੀ ਹੋਇਆ | ਵਿਆਹ ਦਾ ਅਧਿਕਤਰ ਖਰਚਾ ਗੈਰੀ ਤੇ ਓਹਦੇ ਮਾਪਿਆ ਨੇ ਹੀ ਚੱਕਿਆ | ਇਥੋਂ ਤਕ ਵੀ ਕੇਹ ਸਕਦੇ ਕੇ ਵਿਆਹ ਵਿਆਹ ਕੁੜੀ ਵਾਲਿਆਂ ਵਲੋਂ ਬੱਸ ਕੁਝ ਦੋਸਤ ਤੇ ਰਿਸ਼ਤੇਦਾਰ ਹੀ ਆਏ ਸਨ | ਪਰ ਇਕ ਸ਼ਖਸ ਸੀ ਜਿਸਦਾ ਆਉਣਾ ਬਣਦਾ ਸੀ |

Edit with WPS Office

ਵਿਆਹ ਤੋਂ ਕੁਝ ਰੋਜ ਪਹਿਲਾਂ ਸੁਰਵੀਨ ਆਪਣੀ ਬੇਬੇ ਕੋਲ ਗਈ |

ਸੁਰਵੀਨ - ਬੇਬੇ , ਮੈਂ ਵਿਆਹ ਕਰਵਾਉਣ ਜਾ ਰਹੀ ਹਾਂ | ਤੁਸੀ ਮੈਨੂੰ ਅਸ਼ੀਰਵਾਦ ਦੇਣ ਤਾਂ ਆਵੋਗੇ ਨਾ |

ਰਾਣੀ - ਹਾਂ ਪੁੱਤ | ਅਸੀਂ ਆਵਾਂਗੇ ਸਾਰੇ | ਸੇਜਲ, ਸਹਿਜ , ਕੋਮਲ ਤੇ ਮੈਂ , ਤੇਰੀ ਖੁਸ਼ੀਆਂ ਵਿਚ ਅਸੀ ਹੀ ਤਾਂ ਸ਼ਾਮਿਲ ਹੋਣਾ | ਕਿਸੇ ਚੀਜ ਲੋੜ ਹੈ ਤਾਂ ਦੱਸ ਮੈਨੂੰ | ਮੈਂ ਤੇਰੇ ਬਾਪੂ ਜੀ ਨੇ ਆਪਣੀਆਂ ਕੁੜੀਆਂ ਦੇ ਵਿਆਹ ਤੇ ਬਹੁਤ ਕੁਝ ਸੋਚ ਰੱਖਿਆ ਸੀ | ਵਿਆਹ ਲਈ ਕੁਝ ਗਹਿਣੇ ਵੀ ਜੋੜੇ ਸਨ |

ਸੁਰਵੀਨ - ਬੇਬੇ , ਸੁਕਰੀਆ ਬੇਬੇ | ਬੱਸ ਤੁਹਾਡਾ ਅਸ਼ੀਸ਼ ਚਾਹੀਦਾ ਮੈਨੂੰ | ਮੈਨੂੰ ਕੁਝ ਨਹੀਂ ਚਾਹੀਦਾ ਇਹਦੇ ਇਲਾਵਾ |

ਰਾਣੀ - ਕੋਈ ਗੱਲ ਨੀ ਪੁੱਤ | ਪਰ ਲੜਕਾ ਕੌਣ ਹੈ ? ਤੂੰ ਸਾਨੂੰ ਕਦੇ ਮਿਲਵਾਇਆ ਹੀ ਨਹੀਂ | ਕਿਥੇ ਦਾ ਹੈ ?

ਸੁਰਵੀਨ - ਬੇਬੇ , ਸਾਡੇ ਆਫਿਸ ਵਿਚ ਹੀ ਕੰਮ ਕਰਦੇ ਨੇ ਓਹ | ਪੰਜਾਬ ਤੋ ਨੇ , ਤੇ ਬਹੁਤ ਵਧੀਆ ਇਨਸਾਨ ਨੇ | ਗੁਰਵਿੰਦਰ ਨਾਮ ਹੈ ਓਹਨਾ ਦਾ |

ਰਾਣੀ - ਵਧੀਆ ਪੁਤ | ਰੱਬ ਜੀ ਤੇਰੇ ਨਸੀਬ ਵਿਚ ਹਮੇਸ਼ਾ ਖੁਸ਼ੀਆਂ ਹੀ ਬਖਸ਼ਣ |

ਸੁਰਵੀਨ - ਜੀ ਬੇਬੇ | ਪਰ |

ਰਾਣੀ - ਪਰ ਕੀ ?

ਸੁਰਵੀਨ - ਬੇਬੇ , ਮੈਂ ਓਹਨਾਂ ਨੂੰ ਤੇ ਓਹਨਾ ਦੇ ਪਰਿਵਾਰ ਨੂੰ ਕੁਝ ਨਹੀਂ ਦਸਿਆ ਤੁਹਾਡੇ ਬਾਰੇ ਵਿਚ | ਮੇਰੀ ਬੇਨਤੀ ਆਹੀ ਹੈ ਕੇ ਸਿਰਫ ਤੁਸੀ ਹੀ ਆਇਓ ਵਿਆਹ ਵਿਚ , ਹੋਰ ਕਿਸੇ ਨੂੰ ਨਾਲ ਨਾ ਲੇ ਕੇ ਆਇਓ |

ਇਹ ਸੁਣ ਕੇ ਰਾਣੀ ਦੇ ਪੈਰਾਂ ਹੇਠੋਂ ਜ਼ਮੀਨ ਹੀ ਖਿਸਕ ਗਈ | ਓਹ ਹੁਣ ਅੱਗੇ ਕਹੇ ਵੀ ਤਾਂ ਕਿਆ ਕਹੇ |

ਸੁਰਵੀਨ ਨੇ ਆਪਣੀ ਗੱਲ ਜਾਰੀ ਰੱਖੀ |

ਸੁਰਵੀਨ - ਬੇਬੇ ਮੈਂ ਕਿਵੇਂ ਤੇ ਕਿਸ ਮੂੰਹ ਨਾਲ ਦਸਦੀ ਕੇ ਮੈਂ ਆਪਣੇ ਪਿਤਾ ਨੇ ਇਹ ਕੁਝ ਕੀਤਾ ਸੀ | ਜੇਕਰ ਮੈਂ ਦਸਦੀ ਵੀ ਤਾਂ ਅੱਗੋਂ ਮੈਨੂੰ ਸਾਰਾ ਸੱਚ ਦਸਣਾ ਪੈਣਾ ਸੀ | ਮੈਂ ਸਿਰਫ ਓਹਨਾਂ ਨੂੰ ਇਨ੍ਹਾਂ ਹੀ ਦਸਿਆ ਹੋਇਆ ਕੇ ਮੈਂ ਅਨਾਥ ਹਾਂ, ਤੇ ਮੇਰਾ ਪਾਲਣ ਪੋਸ਼ਣ ਮੇਰੀ ਆਂਟੀ ਨੇ ਹੀ ਕਰੇਆ ਜੋ ਕੇ ਇਥੇ ਹੀ ਰਹਿੰਦੇ ਨੇ | ਪਰ ਮੈਂ ਵਾਅਦਾ ਕਰਦੀ ਹਾਂ ਕੇ ਹੌਲੀ ਹੌਲੀ ਸਾਰਾ ਸੱਚ ਓਹਨਾਂ ਨੂੰ ਦਸ ਦੇਵਾਂਗੀ |

ਇਹ ਸਭ ਸੁਣ ਕੇ ਰਾਣੀ ਦੀਆਂ ਅੱਖਾਂ ਨਮ ਸਨ | ਓਹ ਚਾਹ ਕੇ ਵੀ ਆਪਣੀ ਧੀ ਦੇ ਸਾਹਮਣੇ ਇਕ ਅਨਾਜਨ ਔਰਤ ਬਣ ਕੇ ਰਹਿ ਗਈ | ਓਹਦਾ ਕਿਆ ਗੁਨਾਹ ਸੀ | ਜਿਸ ਕੁੜੀ ਨੂੰ ਓਹਨੇ ਮਾ ਨਾ ਹੁੰਦਿਆਂ ਵੀ , ਇੰਨਾ ਪਿਆਰ ਦਿੱਤਾ , ਅੱਜ ਓਹੀ ਓਹਨੂੰ ਆਪਣੀ ਮਾਂ ਨਾ ਕਹੇ ਤਾਂ ਹੋਰ ਕੌਣ ਕਹੇ |

ਮੇਰਾ ਇਸ ਮਸਲੇ ਤੇ ਆਹੀ ਗਿਆਨ ਹੈ ਕੇ ਕਦੇ ਵੀ ਮਾ ਨੂੰ ਨਾ ਭੁੱਲੋ | ਕਈਆਂ ਨੂੰ ਤਾਂ ਨਸੀਬ ਵੀ ਨਹੀਂ ਹੁੰਦਾ

Edit with WPS Office

ਇਹ ਪਿਆਰ | ਤੁਹਾਡੇ ਵਿਚ ਲੱਖ ਐਬ ਹੋਣਗੇ ਪਰ ਕਦੇ ਵੀ ਤੁਹਾਡੀ ਬੇਬੇ ਤੁਹਾਨੂੰ ਗਲਤ ਦੱਸੇ ਜਾ ਫੇਰ ਇਸ ਜੱਗ ਵਿਚ ਜੱਗ ਹਸਾਈ ਦਾ ਪਾਤਰ ਬਣਨ ਦੇਵੇਗੀ | ਓਹ ਲੜ ਪਵੇਗੀ ਪੂਰੀ ਦੁਨੀਆ ਨਾਲ , ਜੇਕਰ ਤੁਹਾਨੂੰ ਕੋਈ ਗਲਤ ਵੀ ਬੋਲੇ | ਤਾਂ ਕਦਰ ਕਰੋ , ਆਪਣੀ ਮਾਂ ਦੀ |

ਖ਼ੈਰ , ਵਕਤ ਆਪਣੇ ਹਿਸਾਬ ਨਾਲ ਚਲਦਾ ਰਿਹਾ | ਰਾਣੀ ਨੇ ਸੁਰਵੀਨ ਨੂੰ ਅਸ਼ੀਰਵਾਦ ਵੀ ਦਿੱਤਾ ਵਿਆਹ ਵਿਚ ਆ ਕੇ ਅਤੇ ਤੁਰਦੇ ਵਕ਼ਤ ਘਰ ਤੋ ਲਿਆਏ ਕੁਝ ਗਹਿਣੇ ਵੀ ਦਿੱਤੇ , ਮਾਂ ਨਹੀਂ ਸੁਰਵੀਨ ਦੀ ਆਂਟੀ ਜੀ ਬਣ ਕੇ | ਘਰ ਪਹੁੰਚ ਕੇ ਸੇਜਲ ਤੇ ਸਹਿਜ ਨੂੰ ਦਸਿਆ ਵੀ ਵਿਆਹ ਬਾਰੇ , ਓਹ ਦੋਨੋਂ ਖੁਸ਼ ਸਨ , ਪਰ ਮਨਾਂ ਵਿਚ ਇਕੋ ਗੱਲ ਕੇ ਸਾਡੀ ਵੱਡੀ ਭੈਣ ਨੇ ਸਾਨੂੰ ਆਪਣੀਆਂ ਖੁਸ਼ੀਆਂ ਵਿਚ ਸ਼ਾਮਿਲ ਕਿਉਂ ਨਾ ਕਰਿਆ ? ਕਿਆ ਅਸੀਂ ਇਨੀ ਬੁਰੀਆਂ ਸਨ ?

ਏਸੇ ਵਜਹ ਕਰਕੇ ਸੇਜਲ ਨੇ ਆਪਣੇ ਜੀਜੇ ਗੈਰੀ ਨੂੰ ਨਹੀਂ ਪਛਾਣਿਆ ਤੇ ਨਾ ਹੀ ਗੈਰੀ ਨੂੰ ਸੇਜਲ ਦਾ ਪਤਾ ਸੀ | ਇਹ ਦ੍ਰਿਸ਼ ਨੂੰ ਦੋਬਾਰਾ ਤੋਂ ਵਿਸਤਾਰ ਨਾਲ ਸਿਰਜਿਆ ਜਾਵੇਗਾ ਇਕ ਵਾਰ ਫੇਰ ਤੋਂ ਪਰ ਠੀਕ ਅਗਲੇ ਭਾਗ ਵਿਚ |

ਜਿਵੇਂ ਮੈਂ ਦਸਿਆ ਕੇ ਸਮਾਂ ਅੱਗੇ ਵਧਿਆ ਅਤੇ ਵਿਆਹ ਮਗਰੋਂ ਗੈਰੀ ਸੁਰਵੀਨ ਦੀ ਪ੍ਰੇਮ ਕਹਾਣੀ ਵੀ ਅੱਗੇ ਵਧਦੀ ਰਹੀ | ਦੋਨੋ ਹੁਣ ਵੀ ਇਕ ਦਫ਼ਤਰ ਵਿਚ ਕੰਮ ਕਰਦੇ ਸਨ ਤੇ ਓਹਨਾਂ ਆਪਣੇ ਮੇਹਨਤ ਸਦਕਾ ਆਪਣਾ ਖੁੱਦ ਦਾ ਇਕ ਘਰ ਵੀ ਖਰੀਦ ਲਿਆ | ਸਾਲ ਦੋ ਸਾਲ ਵਿਚ ਗੈਰੀ ਨੇ ਖੁਦ ਦੀ ਕੰਪਨੀ ਖੜੀ ਕਰਨ ਬਾਰੇ ਸੋਚਿਆ ਅਤੇ ਇਕ ਛੋਟੀ ਜਿਹੀ ਕੰਪਨੀ ਖੜੀ ਕਰੀ | ਸੁਰਵੀਨ ਨੇ ਵੀ ਓਹਦਾ ਨਾਲ ਹਰ ਪਲ ਸਾਥ ਦਿੱਤਾ | ਹੌਲੀ ਹੌਲੀ ਇਸਦੇ ਵਿਚ ਵੀ ਓਹਨਾਂ ਦੋਹਾਂ ਨੂੰ ਤਰੱਕੀ ਮਿਲਦੀ ਰਹੀ | ਫੇਰ ਇਹਦੇ ਕੁਝ ਚਿਰ ਮਗਰੋਂ ਓਹਨਾਂ ਬੱਚੇ ਬਾਰੇ ਸੋਚਿਆ ਤੇ ਰੱਬ ਨੇ ਓਹਨਾਂ ਦੀਆਂ ਖੁਸ਼ੀਆਂ ਵਿਚ ਵਾਧਾ ਕਰਦੇ ਹੋਏ ਇਕ ਬੇਟੇ ਨੂੰ ਓਹਨਾਂ ਦੇ ਜੀਵਨ ਵਿਚ ਭੇਜਿਆ |

ਸਭ ਕਿਤੇ ਖੁਸ਼ਹਾਲੀ ਸੀ | ਮਹੀਨੇ ਵਿੱਚ ਗੈਰੀ ਤੇ ਸੁਰਵੀਨ ਵੀ ਪਿੰਡ ਗੇੜਾ ਮਾਰ ਆਉਂਦੇ | ਗੈਰੀ ਦੀ ਇੱਛਾ ਸੀ ਕਿ ਹੁਣ ਓਹਦੇ ਮਾ ਪਿਉ ਵੀ ਓਹਨਾਂ ਦੇ ਨਾਲ ਆ ਕੇ ਰਹਿਣ ਜਿਸ ਵਿਚ ਸੁਰਵੀਨ ਨੂੰ ਵੀ ਕੋਈ ਐਤਰਾਜ ਨਹੀਂ ਸੀ | ਪਰ ਗੈਰੀ ਦੇ ਮਾਪੇ ਪਿੰਡ ਆਪਣੀ ਪੁਸ਼ਤੈਨੀ ਜਮੀਨ ਜਾਇਦਾਦ ਤੇ ਖੇਤੀਬਾੜੀ ਨਹੀਂ ਸਨ ਛੱਡਣਾ ਚਾਹੁੰਦੇ ਤਾਂ ਓਹਨਾਂ ਗੈਰੀ ਨੂੰ ਸ਼ਹਿਰ ਵਿਚ ਵਸਣ ਤੋਂ ਨਾ ਹੀ ਕੀਤੀ|

ਸਭ ਠੀਕ ਜਾ ਰਿਹਾ ਸੀ , ਕੇ ਅਚਾਨਕ ਮਨਵੀਰ ਨੇ ਗੈਰੀ ਨੂੰ ਕਿਹਾ |

ਮਨਵੀਰ - ਵੀਰੇ ਚਾਹ ਆਈ ਹੈ | ਆਹ ਲਓ ਚਾਹ ਪੀਓ ਤੁਸੀ |

ਹਾਂਜੀ , ਇਹ ਵਰਤਮਾਨ ਹੈ ਅਤੇ ਗੈਰੀ ਰੇਲਗੱਡੀ ਵਿਚ ਬੈਠ ਆਪਣੇ ਹੁਣ ਤੱਕ ਦੇ ਜਿੰਦਗੀ ਦੇ ਸਫ਼ਰ ਨੂੰ ਹੀ ਮੁੜ ਮੁੜ ਯਾਦ ਕਰਦਾ ਆ ਰਿਹਾ ਸੀ |

ਹਾਲੇ ਅੱਗੇ ਬਹੁਤ ਕੁਝ ਹੈ ||

ਤਾਂ ਬਾਕੀ ਕਹਾਣੀ ਅਗਲੇ ਭਾਗ ਵਿਚ |

ਧੰਨਵਾਦ || ਹਿਤੇਸ਼ ਕੁਮਾਰ ਮੁਟਰੇਜਾ ||

Edit with WPS Office